ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੪ ਵੈਸਾਖ ਸੰਨ ੨੦੨੬ Monday, 27 April

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਦਸਮ ਪਾਤਸ਼ਾਹ ਦੀ ਵੈਸਾਖੀ

ਆਗਰੇ ਤੋਂ ਕੁਝ ਮੀਲ ਬਾਹਰ ਸਿਕੰਦਰਾ ਹੈ, ਜਿੱਥੇ ਸ਼ਹਿਨਸ਼ਾਹ ਅਕਬਰ ਦਾ ਮਕਬਰਾ ਹੈ। ਇਸ ਆਲੀਸ਼ਾਨ ਮਕਬਰੇ ਵਿਚ ਅਕਬਰ ਦੀ ਕਬਰ ਦੇ ਸਥਾਨ ਨੂੰ ਵੇਖੋ ਤਾਂ ਹੈਰਾਨ ਰਹਿ ਜਾਈਦਾ ਹੈ ਕਿ ਇਸ ਮੁਗ਼ਲ ਬਾਦਸ਼ਾਹ ਦੀ ਲਾਸ਼ ਦਾ ਮੂੰਹ ਸੂਰਜ ਦੇ ਚੜ੍ਹਾ ਵੱਲ ਹੈ ਤੇ ਲੱਤਾਂ ਪੈਰ, ਪੱਛਮ ਵੱਲ। ਕਾਬੇ ਵੱਲ ਪੈਰ ਕਰਨ ਦਾ ਵਿਅੰਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਕੀਤਾ ਸੀ, ਪਰ ਅਕਾਲ ਪੁਰਖ ਦੀ ਸਰਵ ਵਿਆਪਕਤਾ ਦਿਖਾਉਣ ਲਈ। ਪਰ ਅਕਬਰ ਮਰਨ ਪਿੱਛੋਂ ਪੂਰਬ ਵੱਲ ਮੂੰਹ ਕਰੀ ਪਿਆ ਹੈ ਤਾਂ ਜੋ ਚੜ੍ਹਦੇ ਸੂਰਜ ਦੀਆਂ ਕਿਰਨਾਂ ਉਸ ਦੇ ਮਸਤਕ ਉਤੇ ਪੈਣ।

ਸੂਰਜ ਬਨਸਪਤੀ, ਜੀਵ ਜੰਤੂਆਂ ਦੇ ਪ੍ਰਾਣਾਂ ਦਾ ਆਧਾਰ ਹੈ। ਅਕਬਰ ਸੂਰਜ ਨੂੰ ਅਦ੍ਰਿਸ਼ਟ ਸ਼ਕਤੀ ਦਾ ਪ੍ਰਤੱਖ ਰੂਪ ਮੰਨਦਾ ਸੀ ਅਤੇ ਅਗਨੀ, ਨੂਰ, ਰੋਸ਼ਨੀ ਦਾ ਧਿਆਨ ਤੇ ਪੂਜਾ, ਉਹ ਉੱਚਤਮ ਆਤਮ ਸਾਧਨ ਕਰ ਕੇ ਮੰਨਦਾ ਸੀ । ਸੰਨ ੧੫੭੮ ਈ: ਵਿਚ ਉਸ ਨੇ ਗੁਜਰਾਤ ਦੇ ਪਾਰਸੀ ਦਸਤੂਰ ਮਹਾਤਮਾ ਨੂੰ ਆਗਰੇ ਦਰਸ਼ਨਾਂ ਲਈ ਬੁਲਾ ਭੇਜਿਆ ਸੀ ਅਤੇ ਉਸ ਤੋਂ ਕੁਝ ਵਰ੍ਹੇ ਪਿੱਛੋਂ ਉਸ ਨੇ ਈਰਾਨ ਤੋਂ ਜਬਰਦਸਤੀ ਧਰਮ ਦੇ ਆਚਰੀਯ ਅਰਦੇਸ਼ੀਰ ਤੇ ਕਵਿਆਨ ਬੁਲਵਾਏ ਸਨ ਤਾਂ ਜੋ ਉਸ ਨੂੰ ਸੂਰਜ ਤੇ ਅਗਨੀ ਦੀ ਮਹੱਤਤਾ ਬਾਰੇ ਗਿਆਨ ਦੇਣ।ਵੈਸਾਖੀ ਵਾਲੇ ਦਿਨ ਸੂਰਜ ਪੁਰਬੀ ਅਕਾਸ਼ ਵਿਚ ਆਪਣੀ ਉੱਚ ਗਤੀ ਵਿਚ ਅਥਵਾ ਪੂਰਨ ਬਲ ਤੇ ਤੇਜ਼ ਵਿਚ ਹੁੰਦਾ ਹੈ ਅਤੇ ਇਹ ਦਿਹਾੜਾ, ਸਾਡੇ ਦੇਸ਼ ਵਿਚ ਪ੍ਰਾਚੀਨ ਸਮਿਆਂ ਤੋਂ ਬੜਾ ਮਹੱਤਤਾਪੂਰਨ ਦਿਹਾੜਾ ਮੰਨਿਆ ਜਾਂਦਾ ਰਿਹਾ ਹੈ।ਸਿੱਖਾਂ ਵਿਚ ਵੈਸਾਖੀ ਦੀ ਆਤਮਕ ਸਨਮਾਨਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪ੍ਰਚਲਤ ਹੋਣ ਦੀ ਸਾਖ, ਭਾਈ ਗੁਰਦਾਸ ਜੀ ਨੇ ਭਰੀ ਹੈ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
(ਵਾਰ ੧:੨੭)

ਭਾਈ ਗੁਰਦਾਸ ਜੀ ਦੀ ਇਸੇ ਤੁਕ ਦੇ ਆਧਾਰ ਤੋਂ ਕਈ ਵਿਦਵਾਨ ਇਉਂ ਮੰਨਦੇ ਹਨ ਕਿ ਇਹੋ ਵੈਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਹੈ ਅਤੇ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪੁਰਬ ਹੋਣ ਕਰਕੇ ਹੀ ਇਸ ਦਿਨ ਦਸਮ ਪਾਤਸ਼ਾਹ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਸਾਜਿਆ ਸੀ।ਕਿਵੇਂ ਭੀ ਹੋਵੇ ਵੈਸਾਖੀ ਕੇਵਲ ਇਕ ਮੌਸਮੀ ਤਿਉਹਾਰ ਹੀ ਨਹੀਂ ਸਗੋਂ ਇਹ ਅਨੇਕਾਂ ਗੋਝ ਰਹੱਸਾਂ ਦਾ ਸੂਚਕ ਹੈ, ਜਿਨ੍ਹਾਂ ਰਹੱਸਾਂ ਦਾ ਕਿ ਖਾਲਸੇ ਦੀ ਸਾਜਨਾ ਨਾਲ ਗੂੜ੍ਹਾ ਸੰਬੰਧ ਹੈ। ਦਸਮ ਪਾਤਸ਼ਾਹ ਦਾ ਸ੍ਰੀ ਮੁਖ ਵਾਕ ਹੈ, ਕਿ:

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ।

ਜਿਸ ਤੋਂ ਸਿਧ ਹੈ ਕਿ ਸਤਿਗੁਰੂ ਦਾ ਸੰਕੇਤ ਕਿਸੇ ਉੱਚਤਮ ਆਤਮਕ ਔਜ (ਤੇਜ) ਵੱਲ ਹੈ, ਜਿਹੜਾ ਕਿ ਵੈਸਾਖੀ ਦੇ ਉਚਗਤੀ ਪ੍ਰਾਪਤ ਸੂਰਜ ਵਾਂਗਰ, ਸਰਵ-ਵਿਸ਼ਵ ਦਾ ਰੂਹਾਨੀ ਆਧਾਰ ਤੇ ਆਦਰਸ਼ ਹੈ।


ਦਸਮ ਪਾਤਸ਼ਾਹ ਦਾ 'ਖਾਸ ਰੂਪ' ਕੋਈ ਐਵੇਂ ਨਿਰੀ ਬਾਹਰਲੀ ਰਹਿਤ ਬਹਿਤ ਰੱਖਣ ਵਾਲਾ ਕਦਾਚਿਤ ਨਹੀਂ ਹੋ ਸਕਦਾ। ਉਹ ਤਾਂ ਕੋਈ ਐਸਾ ਬ੍ਰਹਮ ਗਿਆਨੀ, ਗੁਰੁ ਪ੍ਰਾਯਣ, ਉੱਚਤਮ ਆਤਮਕ ਔਜ (ਤੇਜ) ਵਾਲਾ ਮਨੁੱਸ਼ ਹੀ ਹੋ ਸਕਦਾ ਹੈ, ਜੋ ਧਰਤੀ ਉੱਤੇ ਸਰਵ ਸ਼ਕਤੀਮਾਨ ਅਕਾਲ-ਪੁਰਖ ਦਾ ਨੁਮਾਇੰਦਾ ਜਾਂ ਵਰਤੋਂ ਹੋਣ ਦੇ ਯੋਗ ਹੋਵੇ। ਅਬਦੁਲ ਕਰੀਮ ਜ਼ੀਲੀ ਤੇਰ੍ਹਵੀਂ ਸਦੀ ਵਿਚ ਇਕ ਮਹਾਨ ਮੁਸਲਮ ਚਿੰਤਕ ਹੋਇਆ ਹੈ ਜਿਸ ਦੀ ਅਰਬੀ ਭਾਸ਼ਾ ਦੀ ਪੁਸਤਕ, 'ਫਸੂਸਲ ਹਿਕਮੇ' ਵਿਚ ਪੁਰਸ਼ੋਤਮ, ਪੂਰਨ ਪੁਰਖ, ਦੀ ਵਿਆਖਿਆ ਹੈ, 'ਅਕਮਲਉਲਇਨਸਾਨ' ਦੀ ਸੰਗਿਆ ਹੇਠਾਂ।

ਭਾਗਵਤ ਗੀਤਾ ਵਿਚ ਭੀ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਮਨੁੱਖਾਂ ਵਿਚ ਮੈਂ ਪੁਰਸ਼ੋਤਮ ਹਾਂ। ਅਕਬਰ ਸ਼ਹਿਨਸ਼ਾਹ ਨੂੰ ਵੀ ਆਪੂੰ 'ਅਕਮਲਉਲਇਨਸਾਨ ਹੋਣ ਦਾ ਹੀ ਝਾਉਲਾ ਪਿਆ ਸੀ, ਜਿਸ ਕਾਰਨ ਸੂਰਜ ਉਸ ਦੀਆਂ ਆਤਮਕ ਰੁਚੀਆਂ ਦਾ ਕੇਂਦਰ ਬਣਿਆ ਰਿਹਾ ਸੀ। ਕਿਸੇ ਅਜਿਹੇ ਪੁਰਸ਼ੋਤਮ ਪੂਰਨ ਪੁਰਖ ਦੀ ਉਪਜ ਆਮਦ ਹੀ ਸੰਸਾਰ ਰਚਨਾ ਦਾ ਮੁੱਖ ਮੰਤਵ ਮਹਾਨ ਜਰਮਨ ਫ਼ਿਲਾਸਫਰ, ਨੀਤਸ਼ੇ ਨੇ ਪ੍ਰਚਾਰਿਆ ਹੈ: "Lo, I preach to you the superman, Superman is the mean-ing of the earth."ਈਰਾਨ ਦੇ ਜਗਤ ਵਿਖਯਾਤ ਅਧਿਆਤਮਕ ਕਵੀ, ਮੌਲਾਨਾ ਰੂਮੀ ਦੀ ਪ੍ਰਸਿੱਧ ਰਚਨਾ 'ਮਥਨਵੀ' ਵਿਚ ਅੰਕਤ ਹੈ:-ਆਰਜ਼ੂਸਤ, 'ਦੀ ਸ਼ੈਖ਼ ਬ-ਚਰਾਗ਼ ਹਮੀ ਗਸ਼ਤ ਸ਼ਹਿਰ ਕਜ਼ ਦਾਮੋ ਦਦ ਮਲੂਲਮੋ ਇਨਸਾਨਮਗੁਫਤਮ ਕਿ ਯਾਫਤ ਮੀ ਨਸ਼ਵਦ ਜੁਸਤਹੇਮ ਮਾ ਗੁਫ਼ਤ ਆਂ ਕਿ ਯਾਫਤ ਮੀ ਨਾ ਸ਼ਵਦ ਆਨਮ ਆਰਜ਼ੂਸਤ।(ਕਲ੍ਹ ਤਪੱਸਵੀ ਮਹਾਰਾਜ, ਹੱਥ ਵਿਚ ਦੀਵਾ ਫੜੀ ਨਗਰ ਦੇ ਗਿਰਦ-ਗਿਰਦ ਘੁੰਮ ਰਹੇ ਸਨ ਅਤੇ ਕਹਿ ਰਹੇ ਸਨ, "ਯਾਰੋ, ਮੈਂ ਪਸ਼ੂਆਂ ਨੂੰ ਦੇਖ ਦੇਖ ਦੁਖੀ ਹੋ ਗਿਆ ਹਾਂ, ਇਸ ਲਈ ਹੁਣ ਕਿਸੇ ਮਨੁੱਖ ਦੀ ਢੂੰਡ ਵਿਚ ਹਾਂ।

ਅਸਾਂ ਆਖਿਆਂ, "ਅਸੀਂ ਆਪ ਬਹੁਤ ਲੱਭ ਚੁਕੇ ਹਾਂ, ਪਰ ਇਹ ਵਸਤੂ ਦੁਰਲੱਭ ਹੈ", ਤਾਂ ਤਪੱਸਵੀ ਜੀ ਨੇ ਉੱਤਰ ਦਿੱਤਾ, "ਜੋ ਵਸਤੂ ਦੁਰਲੱਭ ਅਥਵਾ ਅਲੱਭਯ ਹੈ, ਮੈਂ ਉਸੇ ਦੀ ਟੋਲ ਵਿਚ ਹਾਂ।") ਕਿਸੇ ਅਜਿਹੇ ਆਦਰਸ਼ ਨੂੰ ਸਾਖਿਆਤ ਕਰਨ ਹਿੱਤ ਦਸਮ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਖਾਲਸਾ ਸਾਜਣ ਦਾ ਕੌਤਕ ਕੀਤਾ ਸੀ ।

ਖਾਲਸੇ ਦਾ ਇਹ ਰੂਪ ਅਨੇਕਾਂ ਆਦਮੀਆਂ ਨੇ ਧਾਰਨ ਕੀਤਾ ਹੈ, ਪਰ ਇਸਦੀ ਦਾਮਨਕ ਚਕਾਚੁੰਧ ਵੱਲ ਅੱਖਾਂ ਪੁੱਟਣ ਦਾ ਹੌਸਲਾ ਸਾਹਸ ਕਿਸੇ ਵਿਰਲੇ ਨੇ ਹੀ ਕੀਤਾ ਹੋਵੇਗਾ। ਭੇਖਧਾਰੀ ਸੰਸਾਰੀ ਅਨੇਕ ਹਨ, ਪਰ ਖਾਲਸਾ ਦੇ ਸ਼ੁਧ ਰੂਪ ਦੀ ਪ੍ਰਾਪਤੀ ਦੀ ਅਕਾਂਕਸ਼ਾ ਰੱਖਣ ਵਾਲੇ ਕਿੰਨੇ ਕੁ ਹਨ?

**ਸਿਰਦਾਰ ਕਪੂਰ ਸਿੰਘ**


ਗਿਆਨੀ ਦਿੱਤ ਸਿੰਘ

## ਕੌਮ ਦਾ ਜੀਵਨ

ਪਿਆਰੇ ਪਾਠਕ ਇਨ੍ਹਾਂ ਮਜ਼ਮੂਨਾਂ ਨੂੰ ਦਿਲ ਲਾ ਕੇ ਵਿਚਾਰਨਗੇ ਤਾਂ ਜ਼ਰੂਰ ਇਹ ਖ਼ਿਆਲ ਕਰਨਗੇ ਕਿ ਖ਼ਾਲਸਾ ਅਖ਼ਬਾਰ ਦੀ ਪੁਕਾਰ ਕੋਈ ਅਨਥਾਂ ਨਹੀਂ ਹੈ ਅਤੇ ਨਾਲ ਹੀ ਇਸ ਕੌਮ ਦੇ ਜ਼ਿੰਦਾ ਰੱਖਨੇ ਵਾਲੇ ਅਸੂਲਾਂ ਦਾ ਧਾਰਨ ਕਰਨਗੇ।ਸੰਸਾਰ ਦੀ ਹਰ ਇਕ ਛੋਟੀ ਅਤੇ ਵੱਡੀ ਵਸਤੂ ਸਾਨੂੰ ਇਹ ਉਪਦੇਸ਼ ਕਰ ਰਹੀ ਹੈ ਕਿ ਜੋ ਤੁਸੀਂ ਸਦਾ ਦੀ ਜ਼ਿੰਦਗੀ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਦੇ ਸਹਾਰੇ ਨਾਲ ਅਪਨਾ ਜੀਵਨ ਨਾ ਸਮਝੋ ਕਿੰਤੂ ਅਪਨੇ ਆਪ ਸੁਤੰਤਰ ਹੋ ਕੇ ਸੰਸਾਰ ਪਰ ਆਪ ਨੂੰ ਸਮਰੱਥਾਵਾਨ ਕਰੋ, ਜਦ ਅਸੀਂ ਹੋਰਨਾਂ ਦ੍ਰਿਸ਼ਟਾਂਤਾਂ ਨੂੰ ਛੱਡ ਕੇ ਬ੍ਰਿਖਾਂ ਦਾ ਨਮੂਨਾ ਅਪਨੀ ਅੱਖੀਆਂ ਦੇ ਸਾਮ੍ਹਨੇ ਰੱਖਦੇ ਹਾਂ ਤਾਂ ਸਾਨੂੰ ਏਹ ਸਿੱਖਿਆ ਮਿਲਦੀ ਹੈ ਕਿ ਬ੍ਰਿਖ ਦੀ ਸ਼ਾਇਆ ਹੇਠ ਦੂਜਾ ਬ੍ਰਿਖ ਨਹੀਂ ਵੱਧਦਾ, ਸਗੋਂ ਵੱਡਾ ਬ੍ਰਿਖ ਉਸ ਛੋਟੇ ਨੂੰ ਸੁਕਾ ਕੇ ਕੇਵਲ ਆਪ ਹੀ ਨਿਰਭੈ ਹੋ ਕੇ ਪਰਫੁਲਤ ਹੋ ਜਾਂਦਾ ਹੈ। ਕਈ ਜਗਾ ਦੇਖਨ ਵਿਚ ਆਯਾ ਹੈ ਜੋ ਬੇਰੀ ਦੇ ਰੁੱਖ ਨਾਲ ਇਕ ਬੋਹੜ ਯਾ ਪਿੱਪਲ ਦਾ ਦਰਖ਼ਤ ਲਗਾਇਆ ਗਿਆ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਜੋ ਬੋਹੜ ਨੇ ਬੇਰੀ ਨੂੰ ਭੰਨ ਤੋੜ ਕੇ ਅਪਨੇ ਵਿਚ ਹੀ ਮਿਲਾ ਲੀਤਾ ਹੈ, ਇਹ ਦ੍ਰਿਸ਼ਟਾਂਤ ਇਕ ਯਾ ਦੋ ਜਗਾ ਨਹੀਂ, ਕਿੰਤੂ ਸਾਰੇ ਹਿੰਦੁਸਤਾਨ ਦੇ ਨਗਰਾਂ ਵਿਚ ਪਾਇਆ ਜਾਂਦਾ ਹੈ। ਦੂਸਰਾ, ਲੋਕ ਭੀ ਆਖਦੇ ਹਨ ਕਿ "ਭਾਈ ਰੁੱਖ ਹੇਠ ਰੁੱਖ ਨਹੀਂ ਮੌਲਦਾ" ਇਸ ਤੇ ਭੀ ਸਾਫ ਪਾਇਆ ਜਾਂਦਾ ਹੈ ਕਿ ਕਿਸੇ ਵਸਤੂ ਦੇ ਸਾਏ ਹੇਠ ਦੂਜੀ ਵਸਤੂ ਨਹੀਂ ਮੌਲਦੀ।।ਏਸ ਉਪਰਲੇ ਦ੍ਰਿਸ਼ਟਾਂਤ ਤੇ ਅਸੀਂ ਕੌਮ ਦੀ ਉੱਨਤੀ ਦਾ ਨਤੀਜਾ ਨਿਕਾਲ ਸਕਦੇ ਹਾਂ ਕਿ ਕੋਈ ਕੌਮ ਕਿਸੇ ਦੂਸਰੀ ਕੌਮ ਦੇ ਸਾਏ ਹੇਠ ਰਹ ਕੇ ਯਾ ਉਸ ਦਾ ਹਿੱਸਾ ਅਤੇ ਸ਼ਾਖ ਬਨ ਕੇ ਕਦੇ ਭੀ ਸਰਸਬਜ਼ ਨਹੀਂ ਹੋਈ। ਇਸ ਦੇ ਦ੍ਰਿਸ਼ਟਾਂਤ ਭੀ ਸਾਡੀ ਅੱਖੀਂ ਦੇ ਸਾਮ੍ਹਨੇ ਪ੍ਰਤੱਖ ਪਾਏ ਜਾਂਦੇ ਹਨ ਜੈਸਾ ਕਿ ਈਸਾਈ ਕੌਮ ਪਹਲੇ ਯਹੂਦੀ ਕੌਮ ਵਿੱਚੋਂ ਪੈਦਾ ਹੋਈ ਸੀ, ਪਰੰਤੂ ਜੇ ਇਹ ਕੌਮ ਅਪਨੇ ਆਪ ਨੂੰ ਯਹੂਦੀਆਂ ਦਾ ਹਿੱਸਾ ਅਤੇ ਸ਼ਾਖ ਸਮਝਦੀ ਤਦ ਇਸ ਦੀ ਉੱਨਤੀ ਕਦੇ ਭੀ ਨਾ ਹੁੰਦੀ, ਕਿੰਤੂ ਇਸ ਨੇ ਜੋ ਉੱਨਤੀ ਕੀਤੀ ਸੋ ਅਪਨੀ ਪਹਲੀ ਕੌਮ ਥੋਂ ਜੁਦਾ ਹੋ ਕੇ ਕੀਤੀ ਇਸੀ ਪ੍ਰਕਾਰ ਮੁਸਲਮਾਨ ਕੌਮ ਭੀ ਪਹਿਲੇ ਯਹੂਦੀਆਂ ਵਿੱਚੋਂ ਹੀ ਨਿਕਲੀ ਸੀ, ਪਰੰਤੂ ਇਨ੍ਹਾਂ ਨੇ ਅਪਨੇ ਆਪ ਨੂੰ ਬਿਲਕੁਲ ਉਸ ਪੁਰਾਨੀ ਕੌਮ ਥੋਂ ਜੁਦਾ ਹੋ ਕੇ ਰੌਣਕ ਪਾਈ-ਭਾਵੇਂ ਈਸਾਈ ਅਤੇ ਮੁਸਲਮਾਨ ਮੂਸਾ, ਸੁਲੇਮਾਨ ਅਤੇ ਲੂਤ ਆਦਿਕ ਪੈਗੰਬਰਾਂ ਨੂੰ ਅਤੇ ਉਨ੍ਹਾਂ ਦੀ ਬਨਾਈ ਹੋਈਆਂ ਤੌਰੇਤ, ਜਬੂਰ ਆਦਿਕ ਕਤਾਬਾਂ ਨੂੰ ਮੰਨਦੇ ਹਨ, ਪਰੰਤੂ ਫੇਰ ਭੀ ਅਪਨੇ ਆਪ ਨੂੰ ਉਸ ਕੌਮ ਦਾ ਹਿੱਸਾ ਯਾ ਉਨ੍ਹਾਂ ਨਬੀਆਂ ਦੀ ਉੱਮਤ ਨਹੀਂ ਮੰਨਦੇ, ਜਿਸ ਤੇ ਇਹ ਕੌਮਾਂ ਸੁਤੰਤਰ ਹੋ ਕੇ ਸੰਸਾਰ ਪਰ ਬ੍ਰਾਜਮਾਨ ਹਨ।।

ਇਸੀ ਪ੍ਰਕਾਰ ਸਾਡੀ ਖਾਲਸਾ ਕੌਮ ਜੋ ਦਸਮੇਂ ਪਾਤਸ਼ਾਹ ਨੇ ਸਭ ਥੋਂ ਵੱਖਰੀ ਕੌਮ ਸੰਸਾਰ ਪਰ ਪ੍ਰਗਟ ਕੀਤੀ ਹੈ ....ਪਰੰਤੂ ਇਸ ਕੌਮ ਦੇ ਸੱਚੇ ਪਜਾਰਿਆਂ ਨੂੰ ਚਾਹੀਦਾ ਹੈ ਜੋ ਇਸ ਨੂੰ ਕਿਸੇ ਕੌਮ ਦਾ ਹਿੱਸਾ ਯਾ ਸ਼ਾਖ ਨਾ ਖਜਾਲ ਕਰਨ ਜੋ ਲੋਗ ਦੂਸਰੀ ਕੌਮ ਦਾ ਹਿੱਸਾ ਯਾਂ ਸ਼ਾਖ ਸਮਝ ਕੇ ਇਸ ਦੀ ਉਨਤੀ ਉਸ ਦੇ ਨਾਲ ਮਿਲ ਕੇ ਆਖਦੇ ਹਨ ਸੋ ਦੁਨੀਆਂ ਦੀ ਤਾਰੀਖਾਂ ਤੇ ਬੇਖ਼ਬਰ ਅਤੇ ਦਸਮ ਗੁਰੂ ਦੇ ਸਿਧਾਂਤ ਤੇ ਨਾਵਾਕਫ ਹਨ। ਇਸ ਵਾਸਤੇ ਹੁਣ ਜਾਗੋ, ਦੇਖੋ ਜੋ ਤੁਸੀਂ ਕੌਨ ਹੋ ਅਤੇ ਦਸਮ ਪਾਤਸ਼ਾਹ ਨੇ ਤੁਹਾਨੂੰ ਕਯਾ ਬਨਾਇਆ ਹੈ ਅਤੇ ਗੁਰਬਿਲਾਸ ਵਿਚ ਤੁਹਾਨੂੰ ਗਧੇ ਪਰ ਸ਼ੇਰ ਦੀ ਬੁਰਕੇ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ। ਆਸ਼ਾ ਹੈ ਜੋ ਸਾਡੇ ਪਯਾਰੇ ਸਿੱਖ ਭਾਈ ਇਸ ਮਜ਼ਮੂਨ ਨੂੰ ਜ਼ਰੂਰ ਦਿਲ ਲਾ ਕੇ ਪੜ੍ਹਨਗੇ ਅਤੇ ਫੇਰ ਵਿਚਾਰਨਗੇ। ਜਿਸ ਪਰ ਅਮਲ ਕਰਕੇ ਸੱਚੇ ਪਾਤਸ਼ਾਹ ਦੇ ਇਸ ਪਵਿੱਤਰ ਖਾਲਸਾ ਪੰਥ ਦਾ ਪੰਥ ਸਭ ਥੋਂ ਨਿਰਾਲਾ ਕਰਨ ਲਈ ਯਤਨ ਕਰਨਗੇ।(੨੫ ਅਕਤੂਬਰ ੧੮੯੫)

# ਗੁਰਸਿੱਖੀ ਜੀਵਨ, ਉਸ 'ਤੇ ਅਮਲ ਦੀ ਇਕ ਝਲਕ



ਗੁਰਸਿੱਖੀ ਦੀ ਗੱਲ ਨਾਮ ਜਪਣ, ਸੁੱਚੀ ਕਿਰਤ ਕਰਨ, ਵੰਡ ਛਕਣ ਤੋਂ ਸ਼ੁਰੂ ਹੋ ਕੇ ਸਰਬੱਤ ਦੇ ਭਲੇ ਦੀ ਲੋਚਾ 'ਤੇ ਜਾ ਕੇ ਦਮ ਲੈਂਦੀ ਹੈ। ਇਸ ਦੇ ਵਿਚਕਾਰ ਜੋ ਕੁਝ ਵੀ ਸਿੱਖੀ ਦੀ ਜ਼ਿੰਦਗੀ ਨੂੰ ਚੰਗੇਰਾ ਕਰਨ ਦੀ ਗੱਲ ਆਉਂਦੀ ਹੈ, ਸਿੱਖ ਨੇ ਉਸ ਨੂੰ ਸਿੱਖਣਾ ਹੈ, ਆਪਣੀ ਜ਼ਿੰਦਗੀ ਵਿਚ ਢਾਲਣਾ ਹੈ ਤੇ ਫਿਰ ਉਸ 'ਤੇ ਪਹਿਰਾ ਦੇਣਾ ਹੈ। ਦਸ ਗੁਰੂ ਸਾਹਿਬਾਨ ਨੇ ਨਿਰੰਤਰ ਅਗਵਾਈ ਤੇ ਅਮਲੀ ਟ੍ਰੇਨਿੰਗ ਬਖਸ਼ ਕੇ ਉਸਨੂੰ ਦਿਆਲੂ, ਕਿਰਪਾਲੂ, ਮਿਹਰਵਾਨ, ਸਿਦਕਵਾਨ, ਨਿਆਂਪਸੰਦ, ਨਿਰਵੈਰ, ਨਿਰਛਲ, ਕਰਮੀ ਯੋਧਾ ਤੇ ਸੰਤ-ਸਿਪਾਹੀ ਬਣਾ ਦਿੱਤਾ ਹੈ। ਜੁੱਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾ ਕੇ ਉਸ ਦੇ ਜੀਵਨ ਨੂੰ ਦੁਨਿਆਵੀ, ਮਾਨਵੀ, ਇਖਲਾਕੀ, ਸਦਾਚਾਰਕ ਤੇ ਅਧਿਆਤਮਕ ਗੁਣਾਂ ਤੇ ਕਦਰਾਂ-ਕੀਮਤਾਂ ਦਾ ਸੰਗੀ-ਸਾਥੀ ਬਣਾ ਦਿੱਤਾ ਹੈ।ਸਿੱਖ ਦੇ ਜੀਵਨ ਵਿਚ ਬਨਾਵਟ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ ਗਈ। ਉਹ ਕਥਨੀ ਤੇ ਕਰਨੀ ਦਾ ਸੂਰਾ ਹੈ, ਸੱਚ ਦਾ ਪਹਿਰੇਦਾਰ ਹੈ। ਨਿਮਾਣੇ ਦਾ ਮਾਣ ਹੈ, ਗਰੀਬ ਤੇ ਨਿਤਾਣੇ ਦਾ ਰੱਖਿਅਕ ਹੈ ਤੇ ਜ਼ੁਲਮ ਕਰਨ ਵਾਲੇ ਨਾਲ ਲੋਹਾ ਲੈਣ ਲਈ ਤਤਪਰ ਰਹਿਣ ਲਈ ਸੂਰਬੀਰ ਭਾਵਨਾਵਾਂ ਵਾਲਾ ਤੇਜੱਸਵੀ ਮਰਜੀਵੜਾ ਇਨਸਾਨ ਹੈ। ਗੁਰੂ ਸਾਹਿਬਾਨ ਨੇ ਉਸ ਨੂੰ ਇਵੇਂ ਹੀ ਸਿਖਾਇਆ ਹੈ ਜੇ ਜ਼ੁਲਮ ਦਾ ਨੰਗਾ ਨਾਚ ਹੋਣ ਲੱਗ ਪਿਆ ਹੋਵੇ ਤੇ ਹੱਕ ਇਨਸਾਫ਼ ਦੀ ਕਾਇਮੀ-ਦਾਇਮੀ ਲਈ ਹੋਰ ਹੀਲੇ-ਵਸੀਲੇ ਨਿਸਫਲ ਹੋ ਜਾਣ, ਤਾਂ ਕਿਰਪਾਨ ਦੇ ਮੁੱਠੇ 'ਤੇ ਹੱਥ ਰੱਖ ਲੈਣਾ ਐਨ ਉਚਿਤ ਹੈ:ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।। ਹਲਾਲੱਸਤ ਬੁਰਦਨ ਬ-ਸ਼ਮਸ਼ੀਰ ਦਸਤ।।(ਜ਼ਫ਼ਰਨਾਮਹ)ਜੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੰਡ ਛਕਣ ਦੀ ਗੱਲ 'ਤੇ ਜ਼ੋਰ ਦਿੱਤਾ ਹੈ ਜਿਸ ਨਾਲ ਸਮਾਜ ਵਿਚ ਭਰਾਤਰੀ ਭਾਵ ਪੈਦਾ ਹੁੰਦੇ ਹਨ, ਆਪਸੀ ਅਣਪੱਤ ਵਧਦੀ ਹੈ, ਲੁੱਟ-ਖਸੁੱਟ ਨੂੰ ਠੱਲ੍ਹ ਪੈਂਦੀ ਹੈ, 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਨੂੰ ਬਲ ਪ੍ਰਦਾਨ ਹੁੰਦਾ ਹੈ ਤਾਂ ਉਨ੍ਹਾਂ ਨੇ ਲੰਗਰ ਲਗਾ ਕੇ ਭੁੱਖਿਆਂ ਦੀ ਭੁੱਖ ਮਿਟਾਉਣ ਦੀ ਪਹਿਲ ਕੀਤੀ। ਅੱਜ ਸਾਰਾ ਸਮਾਜ ਸਿੱਖਾਂ ਦੇ ਇਕ ਲੰਗਰ, ਇਕ ਸੰਗਤ ਤੇ ਇਕ ਪੰਗਤ ਦੇ ਅਮਲੀ ਸਿਧਾਂਤ ਦੀ ਦਿਲ ਖੋਲ੍ਹ ਕੇ ਤਾਰੀਫ ਕਰ ਰਿਹਾ ਹੈ। ਉੜੀਸਾ ਵਿਚ ਸਮੁੰਦਰੀ ਆਫਤ ਆਏ ਜਾਂ ਗੁਜਰਾਤ ਵਿਚ ਕਾਲ ਦੀ ਸਥਿਤੀ ਹੋਵੇ, ਕੈਲੀਫੋਰਨੀਆਂ ਵਿਚ ਭੁਚਾਲ ਆਵੇ ਜਾਂ ਇਥੋਪੀਆ ਵਿਚ ਭੁੱਖਮਰੀ, ਸਿੱਖਾਂ ਦਾ ਲੰਗਰ, ਉਥੇ ਸਰਕਾਰੀ ਸਹਾਇਤਾ ਤੋਂ ਪਹਿਲੇ ਪਹੁੰਚਦਾ ਹੈ ਤੇ ਨਿਰੰਤਰ ਪਹੁੰਚਦਾ ਹੈ।ਜੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨੇਕ ਕਿਰਤ ਨੂੰ ਪਰਵਾਨਿਆ ਹੈ ਤਾਂ ਬੜੀ ਉੱਦਮਸ਼ੀਲਤਾ ਨਾਲ ਆਪ ਕਰਤਾਰਪੁਰ ਵਿਚ ਹਲ ਵਾਹਿਆ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੁੰਜ ਵੱਟ-ਵੱਟ ਕੇ ਕਿਰਤ ਨੂੰ ਸਨਮਾਨਿਆ ਹੈ, ਸ੍ਰੀ ਗੁਰੂ ਰਾਮਦਾਸ ਜੀ ਘੁੰਗਣੀਆਂ ਵੇਚ ਕੇ ਨਿਰਬਾਹ ਕਰਨ ਨੂੰ ਸੁੱਚਾ ਵਿਹਾਰ ਸਮਝਦੇ ਰਹੇ। ਇਹੀ ਕਾਰਨ ਹੈ ਕਿ ਗੁਰੂ ਦਾ ਸਿੱਖ ਕਿਰਤੀ ਹੈ, ਉੱਦਮੀ ਹੈ, ਕਰਮਸ਼ੀਲ ਹੈ ਅਤੇ ਸਾਰੇ ਸੰਸਾਰ ਵਿਚ ਉਸ ਦੇ ਇਨ੍ਹਾਂ ਗੁਣਾਂ ਦੀ ਕਦਰ ਹੈ। ਸਿੱਖ ਇਨ੍ਹਾਂ ਦਾਤਾਂ ਕਰਕੇ ਦਾਤਾ ਹੈ, ਮੰਗਤਾ ਨਹੀਂ। ਸਿੱਖ ਭੀਖ ਨਹੀਂ ਮੰਗ ਸਕਦਾ। ਉਹ ਵਿਸ਼ਵ ਦੇ ਜਿਸ ਹਿੱਸੇ ਵਿਚ ਵੀ ਗਿਆ ਹੈ ਕਿਰਤ ਕਰਨ ਤੇ ਵੰਡ ਛਕਣ ਦੇ ਗੁਣਾਂ ਨੂੰ ਨਾਲ ਲੈ ਕੇ ਹੀ ਗਿਆ ਹੈ। ਇਹੀ ਕਾਰਨ ਹੈ ਅੱਜ ਉਸ ਦੀ ਵਿਸ਼ਵ ਭਰ ਵਿਚ ਕੀਰਤੀ ਦੇ ਸੋਹਲੇ ਗਾਏ ਜਾਂਦੇ ਹਨ। ਉਸ ਦੇ ਹੱਥ ਕਾਰ ਵੱਲ ਹਨ ਤੇ ਚਿਤ ਦਾਤਾਰ ਵੱਲ ਹੈ। ਇਕ ਵਿਲੱਖਣ ਇਨਸਾਨ ਦੀ ਭੂਮਿਕਾ ਨਿਭਾ ਰਿਹਾ ਹੈ ਸਿੱਖ। 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਦਾ ਇਲਾਹੀ ਉਪਦੇਸ਼ ਕੰਠ ਕਰ ਕੇ ਉਹ ਸੰਸਾਰ-ਸ਼ਹਿਰੀ ਵਜੋਂ ਸੁਹਿਰਦ ਰੂਪ ਵਿਚ ਵਿਚਰ ਰਿਹਾ ਹੈ। 'ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ' ਉਸ ਦੀ ਜ਼ਿੰਦਗੀ ਦਾ ਅਸਲੀ ਉਦੇਸ਼ ਹੈ। ਜਿਸ ਲਈ ਕੋਈ ਬਿਗਾਨਾ ਨਾ ਹੋਵੇ, ਜਿਸ ਦਾ ਕੋਈ ਦੁਸ਼ਮਣ ਨਾ ਹੋਵੇ ਉਸ ਨੂੰ ਕੌਣ ਨਹੀਂ ਚਾਹੇਗਾ? ਸਿੱਖ ਦੇ ਪਿਆਰੇ ਤੇ ਵਫ਼ਾਦਾਰੀ ਭਰੇ ਵਿਹਾਰ ਦਾ ਉਲੇਖ ਬਹੁਤ ਸਾਰੇ ਇਤਿਹਾਸਕਾਰਾਂ ਨੇ ਬੜੇ ਮਾਣ ਨਾਲ ਕੀਤਾ ਹੈ। ਜੇ ਐਡਵਰਡ ਏ.ਡੀ. ਬਿਟਨ ਕੋਰਟ ਸਿੱਖ ਧਰਮ ਦੇ ਪਿਆਰ ਵਿਚ ਇਹ ਲਿਖਦਾ ਹੈ ਕਿ ਸਿੱਖ ਧਰਮ ਵਿਸ਼ਵ ਨਾਲ ਜੁੜਨ ਵਾਲਾ ਧਰਮ ਤੇ ਫ਼ਲਸਫ਼ਾ ਹੈ, ਵਿਸ਼ਵ ਤੋਂ ਮੁਨਕਰ ਤੇ ਵੱਖਰਾ ਹੋਣ ਵਾਲਾ ਨਹੀਂ ਤਾਂ ਫੈਲਕਨ ਤੇ ਫਾਖਸ ਇਹ ਲਿਖਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ ਕਿ ਸਿੱਖ ਹਰ ਹਾਲਤ ਵਿਚ ਇਕ ਸਮਾਨ ਰਹਿੰਦਾ ਹੈ, ਹਮੇਸ਼ਾ ਨਰੋਆ, ਸੁਸ਼ੀਲ ਤੇ ਪ੍ਰਤਿਭਾਵਾਨ। ਸੁਭਾਅ ਵਜੋਂ ਉਹ ਹਮੇਸ਼ਾ ਸਾਊ ਹੁੰਦਾ ਹੈ ਅਤੇ ਹਰ ਔਖ-ਸੌਖ ਵਿਚ ਉਹ ਦ੍ਰਿੜ, ਅਡੋਲ, ਠਰੰਮੇ ਵਾਲਾ ਅਤੇ ਸਾਬਤ-ਕਦਮ ਰਹਿੰਦਾ ਹੈ। ਉਹ ਜਬਰਦਸਤ ਮਿਹਨਤੀ, ਬਹਾਦਰ ਤੇ ਜੰਗਜੂ ਇਨਸਾਨ ਹੈ। ਉਹ ਮਾਰ ਪੈਣ ਦੀ ਪਰਵਾਹ ਕੀਤੇ ਬਿਨਾਂ ਜ਼ਾਬਤੇ ਨੂੰ ਪੂਰੀ ਤਰ੍ਹਾਂ ਪਾਲਦਾ ਹੈ।ਵਫ਼ਾਦਾਰੀ ਨਾਲ ਆਪਣੇ ਫਰਜ਼ਾਂ ਦੀ ਪੂਰਤੀ ਕਰਦਾ ਹੋਇਆ ਜਾਤ-ਪਾਤ ਦੀਆਂ ਬੰਦਸ਼ਾਂ ਨੂੰ ਆਪਣੇ ਆੜੇ ਨਹੀਂ ਆਉਣ ਦੇਂਦਾ। ਉਹ ਫੌਜੀ ਕਮਾਲ ਦਾ ਹੈ।ਦੁਖ ਸੁਖ ਵਿਚ ਇਕ ਸਮਾਨ ਰਹਿਣਾ ਬੜਾ ਕਠਿਨ ਹੈ। ਪਰ 'ਤੇਰਾ ਕੀਆ ਮੀਠਾ ਲਾਗੈ' ਦੀ ਗੱਲ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਿੰਡੇ 'ਤੇ ਹੰਢਾ ਕੇ ਉਸ ਨੂੰ ਮੌਤ ਦੇ ਭੈ ਤੋਂ ਬੇਨਿਆਜ਼ ਕਰ ਦਿੱਤਾ ਹੈ। ਫਿਰ ਕੀ ਸੀ, ਭਾਈ ਮਨੀ ਸਿੰਘ ਸਬਰ-ਸੰਤੋਖ ਵਿਚ ਵਿਚਰ ਕੇ ਬੰਦ-ਬੰਦ ਕਟਵਾ ਰਿਹਾ ਹੈ, ਸਿੰਘ ਬੀਬੀਆਂ ਆਪਣੇ ਮਾਸੂਮ ਬੱਚਿਆਂ ਦੇ ਟੁਕੜਿਆਂ ਦੇ ਹਾਰ ਆਪਣੇ ਗਲਾਂ ਵਿਚ ਪਵਾ ਰਹੀਆਂ ਹਨ, ਭਾਈ ਲਛਮਣ ਸਿੰਘ ਅਤੇ ਭਾਈ ਦਲੀਪ ਸਿੰਘ ਨਨਕਾਣਾ ਸਾਹਿਬ ਦੇ ਸਾਕੇ ਵਿਚ ਜ਼ਿੰਦਾ ਜਲਾਏ ਜਾ ਰਹੇ ਹਨ। ਕਿਧਰੇ 'ਹਾਏ ਮਰ ਗਏ' ਦੀ ਅਵਾਜ਼ ਨਹੀਂ ਆਈ। ਮੀਰ ਮੰਨੂ ਸਿੱਖਾਂ ਦੇ ਆਹੂ ਲਾ ਸੁੱਟਦਾ ਹੈ ਤੇ ਉਧਰ ਮੌਤ ਨੂੰ ਮਖੌਲਾਂ ਕਰਨ ਵਾਲੇ ਸਿੱਖ ਸੂਰਮੇ ਕਿਸ ਟਿੱਚਰ ਭਰੇ ਅੰਦਾਜ਼ ਨਾਲ ਗਾਉਂਦੇ ਫਿਰਦੇ ਹਨ:ਮੰਨੂ ਅਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ। ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ।ਅਧਿਆਤਮਕ ਪੱਖੋਂ ਸਿੱਖ ਨੂੰ ਗੁਰੂ ਸਾਹਿਬ ਨੇ ਇਤਨਾ ਬਲਵਾਨ ਕਰ ਦਿੱਤਾ ਹੈ ਕਿ ਉਹ ਜੀਵਨ-ਮੁਕਤ ਦੀ ਪਦਵੀ ਦਾ ਧਾਰਨੀ ਬਣ ਗਿਆ ਹੈ।ਸੇਵਾ ਤੇ ਸਿਮਰਨ ਦੀ ਗੱਲ 'ਤੇ ਸਿੱਖ ਜੀਵਨ ਜਾਚ ਵਿਚ ਬਹੁਤ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਸਿਮਰਨ ਅਕਾਲ ਪੁਰਖ ਦਾ ਕਰਨਾ ਹੈ ਤੇ ਸੇਵਾ ਉਸ ਦੇ ਬੰਦਿਆਂ ਦੀ ਕਰਨੀ ਹੈ। ਨਿਸ਼ਕਾਮ ਸੇਵਾ ਹਉਮੈ ਦਾ ਨਾਸ਼ ਕਰਦੀ ਹੈ, ਪਿਆਰ ਵਧਾਉਂਦੀ ਹੈ, ਹਲੀਮੀ ਪ੍ਰਭਾਵਾਂ ਨੂੰ ਉਜਾਗਰ ਕਰਦੀ ਹੈ ਤੇ ਸਤਿਗੁਰ ਇਸ ਦਾ ਫਲ ਵੀ ਦੱਸਦੇ ਹਨ:ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।।( ਅੰਗ ੨੬)ਸੁੱਚੀ ਸੇਵਾ ਦਾ ਪ੍ਰਵਾਹ ਤਾਂ ਗੁਰੂ ਸਾਹਿਬ ਨੇ ਖੁਦ ਹੀ ਚਲਾਇਆ ਸੀ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਰਾਏ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੇਵਾ ਦੇ ਖੇਤਰ 'ਚ ਨਿਵੇਕਲੇ ਤੇ ਮਹੱਤਵਪੂਰਨ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤਾਂ ਮਾਨਵ ਤੇ ਦੇਸ਼ ਸੇਵਾ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਗੁਰੂ ਨਾਨਕ ਸੱਚੇ ਪਾਤਸ਼ਾਹ ਮਨੁੱਖ ਜਾਤੀ ਦੀ ਬਹੁ-ਪ੍ਰਕਾਰੀ ਸੇਵਾ ਲਈ ਲਗਾਤਾਰ ੨੫ ਸਾਲ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਜਾ ਕੇ ਮਾਨਵੀ ਜੀਵਨ ਨੂੰ ਨਵਾਂ ਨਿਖਾਰ ਬਖਸ਼ਦੇ ਰਹੇ। ਹਜ਼ਾਰਾਂ ਕਿਲੋਮੀਟਰ ਸਫਰ ਕਰ ਕੇ ਉਨ੍ਹਾਂ ਨੇ ਵਿਸ਼ਵ ਦੇ ਸਾਰੇ ਮਨੁੱਖਾਂ ਨੂੰ ਆਪਣੇ ਪਿਆਰ ਦੇ ਕਲਾਵੇ ਵਿਚ ਲਿਆ। ਉਹ ਮਨੁੱਖਤਾ ਦੇ ਗੁਰੂ ਸਨ ਤੇ ਹਰ ਕੋਈ ਉਨ੍ਹਾਂ ਨੂੰ ਪਿਆਰ ਕਰਦਾ ਸੀ ਤੇ ਉਨ੍ਹਾਂ ਦੇ ਉਪਦੇਸ਼ਾਂ ਉੱਤੇ ਅਮਲ ਕਰਨ ਵਿਚ ਖੁਸ਼ੀ ਮਹਿਸੂਸ ਕਰਦਾ ਸੀ ਕਿਉਂਕਿ ਉਹ ਉਸ ਨੂੰ ਉੱਤਮ ਇਨਸਾਨ ਬਣਾਉਣ ਲਈ ਤਤਪਰ ਕਰਦੇ ਸਨ। ਉਨ੍ਹਾਂ ਦੀ ਸਰਬ-ਵਿਆਪੀ ਪ੍ਰਭੁਤਾ ਨੂੰ ਹਰ ਕੋਈ ਸਵੀਕਾਰਦਾ ਸੀ ਭਾਵੇਂ ਉਹ ਹਿੰਦੂ ਸੀ, ਮੁਸਲਮਾਨ ਸੀ, ਬੋਧੀ, ਜੈਨੀ ਜਾਂ ਯਹੂਦੀ ਸੀ। ਸਰਬੱਤ ਦੇ ਭਲੇ ਦੀ ਭਾਵਨਾ ਉਨ੍ਹਾਂ ਨੇ ਵਿਸ਼ਵ ਮਾਨਵ ਨੂੰ ਸਿਖਾ ਕੇ ਆਪਸੀ ਹਮਦਰਦੀ ਦੇ ਪਿੜ ਮੋਕਲੇ ਕਰ ਦਿੱਤੇ। ਇਨ੍ਹਾਂ ਗੱਲਾਂ ਨੂੰ ਦੇਖਦਿਆਂ ਹੋਇਆਂ ਹੀ ਇਤਿਹਾਸਕਾਰ ਰਾਬਰਟ ਰਸਟ ਬੇਸਾਖਤਾ ਹੋ ਕੇ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਹੀ ਇਕ ਅਜਿਹੇ ਰਹਿਬਰ ਹੋਏ ਹਨ ਜਿਨ੍ਹਾਂ ਦੇ ਜੋਤੀ-ਜੋਤਿ ਸਮਾਉਣ ਨਾਲ ਸਬੰਧਤ ਰਸਮਾਂ ਹਿੰਦੂਆਂ ਨੇ ਵੀ ਕੀਤੀਆਂ ਤੇ ਮੁਸਲਮਾਨਾਂ ਨੇ ਵੀ। ਇਹ ਸ਼ਰਫ਼ ਇਨਸਾਨੀ ਨਸਲ ਦੇ ਪੈਗ਼ੰਬਰ ਗੁਰੂ ਨਾਨਕ ਸਾਹਿਬ ਨੂੰ ਹੀ ਹਾਸਲ ਹੋਇਆ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰ ਪ੍ਰਕਾਰ ਦੇ ਅਕੀਦੇ ਦੇ ਭਗਤਾਂ ਦੀ ਬਾਣੀ ਦਾ ਹੋਣਾ, ਹਰ ਧਰਮ ਦੇ ਮਹਾਂਪੁਰਸ਼ਾਂ ਦੀ ਨੁਮਾਇੰਦਗੀ ਹੋਣਾ, ਹਰ ਖਿੱਤੇ ਦੇ ਲੋਕਾਂ ਦੀ ਸੁੱਚਮਤਾ ਦਾ ਸੰਕਲਤ ਹੋਣਾ ਉਸ ਨੂੰ ਸਰਬ ਮਾਨਵ ਸਮਾਜ ਦੇ ਗੁਰੂ ਦਾ ਸਹਿਜ ਸੁਭਾਏ ਹੀ ਦਰਜਾ ਬਖਸ਼ਦਾ ਹੈ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕਰਨਾ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦਾ ਮਨੁੱਖਤਾ ਲਈ ਇਕ ਪਿਆਰ ਦਾ ਹੋਰ ਤੇ ਨਿਵੇਕਲਾ ਵਰਦਾਨ ਸੀ ਕਿਉਂਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਉਹ ਅਕਾਲ ਪੁਰਖ ਦਾ ਆਪਣਾ ਨਿਵਾਸ ਸਮਝਦੇ ਸਨ ਜਿਸ ਦੀ ਨੀਂਹ ਇਕ ਮੁਸਲਮਾਨ ਦਰਵੇਸ਼ ਮੀਆਂ ਮੀਰ ਨੇ ਰੱਖੀ, ਉਸਾਰੀ ਦੀ ਸੇਵਾ ਗੁਰੂ ਸਾਹਿਬ ਤੇ ਹਰ ਜ਼ਾਤ ਬਰਾਦਰੀ ਦੇ ਸੇਵਕਾਂ ਨੇ ਨਿਸ਼ਕਾਮ ਰੂਪ ਵਿਚ ਕੀਤੀ ਅਤੇ ਉਸ ਵਿਚ ਇਲਾਹੀ ਬਾਣੀ ਦਾ ਕੀਰਤਨ ਵੀ ਗਾਇਆ ਜਾਂਦਾ ਹੈ।ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦੀ ਸਾਜਨਾ ਮਾਨਵ ਸਮਾਜ ਵਿਚ ਸਰਬਪੱਖੀ ਪਿਆਰ ਦੇ ਪਸਾਰੇ ਦੇ ਮੁੱਖ ਆਸ਼ੇ ਕਰਕੇ ਹੋਈ ਹੈ ਜਿਸ ਸਦਕਾ ਪਰਮਾਤਮਾ ਤਕ ਹਸੰਦਿਆਂ, ਖੇਲੰਦਿਆਂ, ਖਵੰਦਿਆਂ, ਪਹਿਨੰਦਿਆਂ ਰਸਾਈ ਹੋ ਸਕਦੀ ਹੈ।

**-ਸ. ਸਰੂਪ ਸਿੰਘ ਅਲੱਗ**

# ਪਰਮੇਸਰੁ ਪਾਰਬ੍ਰਹਮ ਬੇਅੰਤ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸੰਗਤਾਂ ਬਰਕਤਾਂ ਦੀਆਂ ਝੋਲੀਆਂ ਭਰਨ ਲਈ ਆ ਰਹੀਆਂ ਸਨ। ਭੱਟ ਬਾਣੀਕਾਰ ਭੱਟ ਹਰਿਬੰਸ ਜੀ, ਗੁਰੂ ਸਾਹਿਬ ਦੇ ਦਰਬਾਰ ਦੀ ਸੋਭਾ ਦਾ ਵਰਣਨ ਕਰਦਿਆਂ ਬਿਆਨ ਕਰਦੇ ਹਨ, 'ਸਤਿਗੁਰਾਂ ਦੇ ਦਰਬਾਰ ਵਿਚ ਕਦੇ ਨਾ ਮੁੱਕਣ ਵਾਲਾ ਨਾਮ ਰੂਪੀ ਗੰਗਾ ਜਲ ਵਹਿ ਰਿਹਾ ਹੈ ਜਿਸ ਵਿਚ ਸਾਰੀ ਸੰਗਤ ਇਸ਼ਨਾਨ ਕਰਦੀ ਹੈ। ਵੇਦ ਵਿਆਸ ਤੇ ਬ੍ਰਹਮਾਂ ਆਦਿ ਵਰਗੇ ਵੱਡੇ-ਵੱਡੇ ਦੇਵਤੇ ਤੇ ਰਿਸ਼ੀ ਮੁਨੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਦਰ ਉੱਤੇ ਹਾਜ਼ਰ ਰਹਿਣ ਵਿਚ ਆਪਣਾ ਚੰਗਾ ਭਾਗ ਸਮਝਦੇ ਹਨ ਅਤੇ ਆਪਣੇ ਮੂੰਹੋਂ ਪ੍ਰਭੂ ਦਾ ਜੱਸ ਗਾਇਨ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਮੇਰੇ ਵਰਗੇ ਲਈ ਤਾਂ ਸਤਿਗੁਰਾਂ ਦੀ ਬਾਣੀ ਹੀ ਸਭ ਕੁਝ ਹੈ। ਆਪ ਜੀ ਦੇ ਸਿਰ 'ਤੇ ਨਿਰੰਕਾਰ ਦਾ ਚਵਰ ਛਤਰ ਝੁੱਲ ਰਿਹਾ ਹੈ। ਇਹ ਸਭ ਪ੍ਰਭੂ ਦੀ ਬਖ਼ਸ਼ਿਸ਼ ਹੈ ਤੇ ਆਪ ਜੀ ਨੇ ਆਤਮਿਕ ਜੀਵਨ ਦੇਣ ਵਾਲਾ ਨਾਮ ਹੀ ਸਦਾ ਉਚਾਰਨ ਕੀਤਾ ਹੈ। ਧੰਨ ਗੁਰੂ ਨਾਨਕ ਸਾਹਿਬ ਜੀ, ਧੰਨ ਗੁਰੂ ਅੰਗਦ ਸਾਹਿਬ ਜੀ, ਧੰਨ ਗੁਰੂ ਅਮਰਦਾਸ ਸਾਹਿਬ ਜੀ ਨੂੰ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਪਰਮਾਤਮਾ ਵਿਚ ਲੀਨ ਹੋ ਗਏ ਹਨ। ਹੇ ਭਾਈ! ਸਤਿਗੁਰੂ ਅਰਜਨ ਪਾਤਸ਼ਾਹ ਜੀ ਰਾਹੀਂ ਸੋਭਾ ਤਾਂ ਜਗਤ ਵਿਚ ਪਹਿਲਾਂ ਦੀ ਤਰ੍ਹਾਂ ਹੀ ਪਸਰ ਰਹੀ ਹੈ। ਫੁਰਮਾਨ ਹੈ:ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ।।ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ।।ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ।।ਗੁਰ ਅਰਜੁਨ ਸਿਰਿ ਛਤ੍ਰ ਆਪਿ ਪਰਮੇਸਰਿ ਦੀਅਉ।।ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਮਹਿ ਗਯਉ।। ਹਰਿਬੰਸ ਜਗਤਿ ਜਸੁ ਸੰਚਰਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ।।੧।। (ਅੰਗ ੧੪੦੯)ਸਤਿਗੁਰਾਂ ਦੇ ਦਰਬਾਰ ਦੀ ਸੋਭਾ ਸੁਣ ਕੇ ਸਹਿਗਲ ਗੋਤ ਦੇ ਭਾਈ ਗੰਗੂ, ਭਾਈ ਨਾਉ, ਭਾਈ ਰਾਮਾ, ਭਾਈ ਉਦਾ ਅਤੇ ਭਾਈ ਧਰਮਾ ਪੰਜੇ ਸਤਿਗੁਰਾਂ ਦੀ ਹਜ਼ੂਰੀਵਿਚ ਪਹੁੰਚੇ ਤੇ ਨਮਸਕਾਰ ਕੀਤੀ। ਕੁਝ ਦਿਨ ਸੰਗਤ ਕੀਤੀ ਫਿਰ ਸਿੱਖ ਬਣ ਗਏ। ਉਨ੍ਹਾਂ ਨੇ ਇਕ ਦਿਨ ਸਤਿਗੁਰੂ ਜੀ ਨੂੰ ਪ੍ਰਸ਼ਨ ਕਰਦਿਆਂ ਕਿਹਾ 'ਹੇ ਪਾਤਸ਼ਾਹ ਜੀ ! ਵੇਦ-ਕਤੇਬ ਆਦਿ ਗ੍ਰੰਥ, ਰਿਸ਼ੀ ਮੁਨੀ ਅਵਤਾਰ, ਪੰਡਤ, ਵਿਦਵਾਨ ਸਭ ਕਹਿੰਦੇ ਹਨ ਕਿ ਨਿਰੰਕਾਰ ਬੇਅੰਤ ਹੈ । ਸਭ ਉਸ ਨੂੰ ਖੋਜਦੇ ਰਹੇ ਹਨ ਅਤੇ ਹੁਣ ਵੀ ਖੋਜ ਰਹੇ ਹਨ ਪਰ ਉਸ ਦਾ ਅੰਤ ਨਹੀਂ ਜਾਣ ਸਕੇ। ਜੀਵਨ ਮੁਕਤੀ ਦੇਣ ਵਾਲੇ ਧੰਨ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਜੀ ਦਾ ਰੂਪ ਹਨ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਤਾਂ ਪਰਮਾਤਮਾ ਦੇ ਅੰਤ ਨੂੰ ਜਾਣਦੇ ਹੋਣਗੇ। ਕਿਉਂਕਿ ਜਦੋਂ ਪਾਤਸ਼ਾਹ ਜੀ ਆਪ ਬ੍ਰਹਮ ਸਰੂਪ ਹਨ ਅਤੇ ਆਪਣੇ ਅੰਤ ਬਾਰੇ ਸਭ ਕੋਈ ਜਾਣਦਾ ਹੈ। ਜਿਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅੰਕਤ ਕੀਤਾ ਹੈ:'ਬੇਦ ਕਤੇਬ ਮੁਨੀ ਅਵਤਾਰ। ਪੰਡਿਤ ਯਾਨੀ ਭਏ ਹਜ਼ਾਰ।ਸਭਹਿਨਿ ਭਾਖਯੋ ਬ੍ਰਹਮ ਅਨੰਤ। ਖੋਜਿ ਰਹੇ ਨਹਿ ਪਾਯਹੁ ਅੰਤ।।੩।।ਬ੍ਰਹਮ ਜੁ ਕਹੈ ਸੱਚਿਦਾ ਨੰਦ । ਸ੍ਰੀ ਨਾਨਕ ਸੋ ਰੂਪ ਮੁਕੰਦ। ਬ੍ਰਹਮ ਅਵਤਾਰ ਕਰੈ ਬੱਖਯਾਤ। ਜਾਨੇ ਪਰੇ ਸਭਿਨਿ ਸਾਖਜਾਤ।।੪।। ਸੋ ਤੌਂ ਅੰਤ ਜਾਨਤੇ ਹੋਇ। ਅਪਨੋ ਅੰਤ ਲਖੈ ਸਭਿ ਕੋਇ।(ਰਾਸਿ ਤੀਜੀ, ਅਧਿ ੫੫)ਪਾਤਸ਼ਾਹ ਜੀ ਨੇ ਸਿੱਖਾਂ ਦੀ ਸ਼ੰਕਾ ਸੁਣੀ ਤੇ ਬਚਨ ਕੀਤਾ 'ਹੇ ਭਾਈ! ਜੇ ਨਿਰੰਕਾਰ ਦਾ ਕੋਈ ਆਦਿ ਅੰਤ ਹੁੰਦਾ ਤਾਂ ਸਤਿਗੁਰੂ ਜੀ ਉਸ ਬਾਰੇ ਬਾਣੀ ਵਿਚ ਉਚਾਰਨ ਕਰਦੇ। ਉਸ ਦਾ ਕੋਈ ਆਦਿ ਤੇ ਅੰਤ ਨਹੀ ਉਹ ਪ੍ਰਭੂ ਬੇਮਿਸਾਲ ਹੀ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਲਈ ਉਸ ਨੂੰ ਬੇਅੰਤ ਕਹਿਣਾ ਹੀ ਠੀਕ ਲੱਗਦਾ ਹੈ। ਉਸ ਦਾ ਹੈ। ਉਸ ਨੂੰ ਬੇਅੰਤ ਕਹਿਣਾ ਹੀ ਉਸ ਦਾ ਅੰਤ ਪਾਉਣਾ ਹੈ। ਇਸ ਬਾਰੇ ਸ਼ੰਕਾ ਮਨ ਵਿਚ ਨਹੀਂ ਲਿਆਉਣੀ। ਉਹ ਪ੍ਰਭੂ ਸਭ ਵਿਚ ਵੱਸਦਾ ਹੈ। ਇਹ ਗੱਲ ਸਮਝੋ ਤੇ ਸਭ ਨੂੰ ਪ੍ਰੇਮ ਕਰੋ ਤੇ ਮੁਖ ਤੋਂ ਵਾਹਿਗੁਰੂ ਜੀ ਦਾ ਜਾਪ ਜਪਿਆ ਕਰੋ। ਹਰ ਇਕ ਵਿਚ ਪ੍ਰਭੂ ਦਾ ਸਰੂਪ ਹੀ ਸਮਝੋ ਤੇ ਪਛਾਣੋ। ਇਸ ਤਰ੍ਹਾਂ ਤੁਹਾਡੀ ਮੁਕਤੀ ਹੋਵੇਗੀ ਤੇ ਜਨਮ ਮਰਨ ਦਾ ਬੰਧਨ ਕੱਟਿਆ ਜਾਵੇਗਾ। ਯਥਾ:-'ਆਦਿ ਅੰਤ ਬ੍ਰਹਮ ਕੀ ਜੇ ਹੋਇ । ਸ੍ਰੀ ਨਾਨਕ ਜੀ ਉਚਰਤਿ ਸੋਇ।ਜਿਸਕੈ ਕਬਹੂੰ ਆਦਿ ਨ ਅੰਤ। ਕਹਿਬੋ ਤਿਸ ਕੋ ਬਨਹਿ ਬਿਅੰਤ।।੬।।...ਤਿਨਹੁੰ ਬੇਦ ਮਹਿੰ ਕਯੋ ਬਿਅੰਤ। ਹੁਤੀ ਜਿ ਕਹਿਤੇ ਆਦਿ ਰੁ ਅੰਤ। ਕਹਿਨ ਬਿਅੰਤੁ ਅੰਤ ਇਹ ਜਾਨਹੁ। ਅਪਰ ਨ ਸੰਸੈ ਕੈਸੇ ਆਨਹੁ।।੮।।...ਕਿਹ ਸੌਂ ਦੋਹ ਨਹੀਂ ਮਨ ਠਾਨਹੁ। ਏਕ ਬ੍ਰਹਮ ਕੋ ਰੂਪ ਪਛਾਨਹੁ।ਇਸ ਤੇ ਹੁਇ ਤੁਮਰੋ ਕੱਲਜਾਨ। ਜਨਮ ਮਰਨ ਦਾ ਬੰਧਨ ਹਾਨਿ।।੧੦।। (ਉਹੀ) ਨਿਰੰਕਾਰ ਦੀ ਬੇਅੰਤਤਾ ਬਾਰੇ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਫੁਰਮਾਇਆ ਹੈ:-ਮਹਿਮਾ ਨ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।।ਅਵਤਾਰ ਨ ਜਾਨਹਿ ਅੰਤੁ।। ਪਰਮੇਸਰੁ ਪਾਰਬ੍ਰਹਮ ਬੇਅੰਤੁ।। (ਅੰਗ ੮੯੪)- ਸੰਕਰਾ ਨਹੀ ਜਾਨਹਿ ਭੇਵ।। ਖੋਜਤ ਹਾਰੇ ਦੇਵ।।ਦੇਵੀਆ ਨਹੀ ਜਾਨੈ ਮਰਮ।। ਸਭ ਉਪਰਿ ਅਲਖ ਪਾਰਬ੍ਰਹਮ।।੨।। (ਉਹੀ) ਸਤਿਗੁਰਾਂ ਦੇ ਬਚਨ ਸੁਣ ਕੇ ਭਾਈ ਭਾਈ ਗੰਗੂ, ਭਾਈ ਨਾਊ, ਭਾਈ ਰਾਮਾ, ਭਾਈ ਧਰਮਾ ਅਤੇ ਭਾਈ ਉਦਾ ਸਹਿਗਲ ਦੀ ਸ਼ੰਕਾ ਦੂਰ ਹੋ ਗਈ ਤੇ ਉਹ ਹਰ ਵੇਲੇ ਵਾਹਿਗੁਰੂ ਦਾ ਸਿਮਰਨ ਕਰਦੇ ਰਹਿੰਦੇ ਤੇ ਪ੍ਰਭੂ ਰੂਪ ਸਤਿਗੁਰੂ ਜੀ ਦੀ ਸੇਵਾ ਕਰਦੇ ਰਹੇ ਅੰਤ ਪਰਮਪਦ ਨੂੰ ਪ੍ਰਾਪਤ ਹੋ ਗਏ। ਇਨ੍ਹਾਂ ਦਾ ਨਾਮ ਵਰਣਨ ਭਾਈ ਗੁਰਦਾਸ ਜੀ ਨੇ ਇੰਝ ਕੀਤਾ ਹੈ:-ਗੰਗੂ ਨਾਉ ਸਹਗਲਾ ਰਾਮਾ ਧਰਮਾ ਉਦਾ ਭਾਈ।(ਵਾਰ ੧੧-੧੯)

**-ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ**

# ਗੁਰਬਾਣੀ ਵਿਚ ਕੀਰਤਨ ਦਾ ਸੰਕਲਪ

ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਮ ਕੀਰਤਨ ਹੈ। ਕੀਰਤਨ ਦਾ ਅਰਥ ਹੈ— ਪ੍ਰਭੂ ਦੀ ਗਾ ਕੇ ਕੀਰਤੀ, ਉਸਤਤ ਅਤੇ ਸਿਫਤ ਸਾਲਾਹ ਕਰਨੀ। ਸਿੱਖ ਧਰਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕੀਰਤਨ ਪਰੰਪਰਾ ਦੇ ਮੋਢੀ ਹਨ। ਆਪ ਜੀ ਜਦੋਂ ਸੰਸਾਰ ਨੂੰ ਤਾਰਨ ਲਈ ਪ੍ਰਚਾਰ ਯਾਤਰਾਵਾਂ (ਉਦਾਸੀਆਂ) ਲਈ ਰਵਾਨਾ ਹੋਏ ਤਾਂ ਉਨ੍ਹਾਂ ਨੇ ਆਪਣੇ ਨਾਲ ਭਾਈ ਮਰਦਾਨਾ ਜੀ ਰਬਾਬੀ ਨੂੰ ਸਾਥੀ ਵਜੋਂ ਚੁਣਿਆ। ਗੁਰੂ ਸਾਹਿਬ ਸ਼ਬਦ ਗਾਇਨ ਕਰਦੇ ਅਤੇ ਭਾਈ ਮਰਦਾਨਾ ਜੀ ਰਬਾਬ ਉੱਤੇ ਸੰਗਤ ਕਰਦੇ। ਗੁਰੂ ਸਾਹਿਬ ਦੀ ਸਰਦੀ ਤੇ ਰੂਹਾਨੀ ਅਵਾਜ਼ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਇਲਾਹੀ ਟੁਣਕਾਰ ਦੇ ਸੁਮੇਲ ਨਾਲ ਸੰਗਤ ਉੱਤੇ ਅਜਿਹਾ ਪ੍ਰਭਾਵ ਪੈਂਦਾ ਕਿ ਉਨ੍ਹਾਂ ਦੀ ਸੁਰਤ ਸਹਿਜੇ ਹੀ ਪ੍ਰਭੂ ਨਾਲ ਜੁੜ ਜਾਂਦੀ। ਸਿੱਖ ਧਰਮ ਵਿਚ ਸਭ ਤੋਂ ਵੱਧ ਪ੍ਰਧਾਨਤਾ ਗੁਰਬਾਣੀ ਦੇ ਕੀਰਤਨ ਨੂੰ ਦਿੱਤੀ ਗਈ ਹੈ। ਗੁਰਵਾਕ ਹੈ:

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥ (ਅੰਗ੧੦੭੫)

ਕੀਰਤਨ ਨੂੰ ਨਿਰਮੋਲਕ ਹੀਰਾ ਆਖਿਆ ਗਿਆ ਹੈ। ਗੁਰਬਾਣੀ ਦਾ ਫੁਰਮਾਨ ਹੈ:-

ਕੀਰਤਨੁ ਨਿਰਮੋਲਕ ਹੀਰਾ॥
ਆਨੰਦ ਗੁਣੀ ਗਹੀਰਾ॥(ਅੰਗ, ੮੯੩)
ਅਨਹਦ ਬਾਣੀ ਪੂੰਜੀ॥
ਸੰਤਨ ਹਥਿ ਰਾਖੀ ਕੂੰਜੀ॥(ਅੰਗ, ੮੯੩)

ਗੁਰਬਾਣੀ ਮੁਤਾਬਿਕ ਸਾਰੀਆਂ ਸਿਆਣਪਾਂ ਅਤੇ ਚਤੁਰਾਈਆਂ ਛੱਡ ਕੇ ਕੀਰਤਨ ਗਾਇਨ ਕਰਨਾ ਚਾਹੀਦਾ ਹੈ:

ਮਨ ਮੇਰੇ ਕਰਤੇ ਨੋ ਸਾਲਾਹਿ॥
ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥
(ਅੰਗ ੪੩)

ਗੁਰਬਾਣੀ ਮੁਤਾਬਿਕ ਕੀਰਤਨ ਅਜਿਹਾ ਧਨ ਹੈ, ਅਰਥਾਤ ਦੌਲਤ ਹੈ, ਜਿਹੜੀ ਹਮੇਸ਼ਾ ਕਾਇਮ ਰਹਿੰਦੀ ਹੈ। ਫੁਰਮਾਨ ਹੈ :

ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੁ॥
(ਅੰਗ ੩੯੮)

ਗੁਰਬਾਣੀ ਮੁਤਾਬਿਕ ਉਹ ਵਿਅਕਤੀ ਧੰਨਤਾ ਦੇ ਯੋਗ ਹੈ, ਜਿਹੜਾ ਪ੍ਰਭੂ ਦੀ ਕੀਰਤੀ ਗਾਇਨ ਕਰਦਾ ਹੈ:

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥ (ਅੰਗ ੫੪੦)

ਗੁਰਬਾਣੀ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕੀਰਤਨ ਕਰਨਾ ਜਾਂ ਸੁਣਨਾ ਵੱਡੇ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ ਹੈ, ਹਰ ਕਿਸੇ ਨੂੰ ਇਹ ਇਲਾਹੀ ਦਾਤ ਨਹੀਂਮਿਲਦੀ। ਗੁਰ ਫੁਰਮਾਨ ਹੈ :

ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ॥(ਅੰਗ ੬੨੯)

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇੱਕ ਵਾਰ ਸਿੱਖਾਂ ਨੇ ਪੁੱਛਿਆ, "ਸੱਚੇ ਪਾਤਸ਼ਾਹ ਆਪ ਇਹ ਦੱਸਣ ਦੀ ਕਿਰਪਾਲਤਾ ਕਰੋ ਕਿ ਗੁਰਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਕਰਨਾ ਇਨ੍ਹਾਂ ਦੋਹਾਂ ਦਾ ਕਿੰਨਾ ਕਿੰਨਾ ਮਹਾਤਮ ਹੈ? ਅਰਥਾਤ ਕਿੰਨਾ ਫ਼ਲ ਹੈ?" ਗੁਰੂ ਸਾਹਿਬ ਨੇ ਉੱਤਰ ਦਿੱਤਾ, "ਸੁਣੋ ਭਾਈ! ਪਾਠ ਕਰਨਾ ਇਸ ਤਰ੍ਹਾਂ ਹੈ ਜਿਵੇਂ ਖੂਹ ਦੇ ਪਾਣੀ ਨਾਲ ਖੇਤਾਂ ਦੀ ਸਿੰਜਾਈ ਕੀਤੀ ਜਾਵੇ। ਪਾਣੀ ਨੂੰ ਆਪਣੇ ਯਤਨਾਂ ਨਾਲ ਉੱਚੀ ਨੀਵੀਂ ਜ਼ਮੀਨ 'ਤੇ ਚੜ੍ਹਾਇਆ ਜਾਂਦਾ ਹੈ ਜਦਕਿ ਕੀਰਤਨ ਗਾਇਨ ਕਰਨਾ ਕੁਦਰਤ ਵੱਲੋਂ ਕੀਤੀ ਗਈ ਬਾਰਿਸ਼ ਦੇ ਸਮਾਨ ਹੈ ਜਿਹੜੀ ਸਮੁੱਚੀ ਧਰਤੀ ਨੂੰ ਇੱਕੋ ਸਮੇਂ ਸਰਸਬਜ ਕਰ ਦਿੰਦੀ ਹੈ।"ਗੁਰਬਾਣੀ ਵਿਚ ਕੀਰਤਨ ਕਰਨ ਵਾਲੇ ਨੂੰ ਰਾਗੀ ਜਾਂ ਕੀਰਤਨਕਾਰ ਆਖਿਆ ਗਿਆ ਹੈ। ਇਨ੍ਹਾਂ ਪਾਵਨ ਤੁਕਾਂ ਰਾਹੀਂ ਕੀਰਤਨਕਾਰ ਦੀ ਉਪਮਾ ਕੀਤੀ ਗਈ ਹੈ:

ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥ ਰਹਾਉ॥
(ਅੰਗ ੮੮੫)

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਵਿਚ ਬਚਨ ਕਰਦੇ ਹਨ ਕਿ ਦੁਨਿਆਵੀ ਜੀਵਨ ਬਸਰ ਕਰਦਿਆਂ ਅਤੇ ਸਾਰੇ ਸੰਸਾਰਿਕ ਕੰਮਕਾਰ ਕਰਦਿਆਂ ਵੀ ਪਰਮ-ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਆਪ ਦੇ ਬਚਨ ਹਨ:

ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ॥
ਗ੍ਰਿਹਸਤ ਮਹਿ ਸੋਈ ਨਿਰਬਾਨੁ॥(ਅੰਗ ੨੮੧)

ਗੁਰਬਾਣੀ ਦਾ ਫੁਰਮਾਨ ਹੈ ਕਿ ਇਸ ਮਨ ਦੀ ਪੰਜ ਵਿਕਾਰੀ ਮੈਲ ਨੂੰ ਕੀਰਤਨ ਗਾਇਨ ਕਰ ਕੇ ਸਹਿਜੇ ਹੀ ਧੋਤਾ ਜਾ ਸਕਦਾ ਹੈ ਅਤੇ ਗਾਫ਼ਿਲ ਹੋਏ ਅਚੇਤ ਮਨ ਨੂੰ ਸੰਸਾਰਿਕ ਰਸਾਂ-ਕਸਾਂ ਦੀ ਨੀਂਦ ਤੋਂ ਜਗਾਇਆ ਜਾ ਸਕਦਾ ਹੈ:

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥(ਅੰਗ ੧੯੯)

ਗੁਰਬਾਣੀ ਵਿਚ ਉਪਦੇਸ਼ ਹੈ ਕਿ ਕੀਰਤਨ ਉਹ ਮਹਾਂਦਾਨ ਹੈ, ਜਿਸ ਨੂੰ ਜਿਤਨਾ ਵੰਡਗੇ ਉਤਨਾ ਹੀ ਪੁੰਨ ਫਲ ਪ੍ਰਾਪਤ ਹੋਵੇਗਾ। ਪ੍ਰਾਣੀ ਦਾ ਤਨ ਅਤੇ ਮਨ ਕੀਰਤਨ ਕਰਨ ਨਾਲ ਗੁਲਜ਼ਾਰ ਦੀ ਨਿਆਈਂ ਖਿੜ ਉਠਦਾ ਹੈ:

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥(ਅੰਗ, ੮੪੯)

ਕੀਰਤਨ ਰਾਹੀਂ ਮਾਤਲੋਕ ਅਤੇ ਪ੍ਰਲੋਕ, ਦੋਨੋਂ ਥਾਈਂ ਪਰਮ-ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਜਿੱਥੇ ਪ੍ਰਭੂ ਦੀ ਕੀਰਤੀ ਗਾਇਨ ਕੀਤੀ ਜਾਂਦੀ ਹੈ ਅਰਥਾਤ ਕੀਰਤਨ ਹੁੰਦਾ ਹੈ ਉਹ ਸਥਾਨ ਬੈਕੁੰਠ ਅਰਥਾਤ ਸੁਰਗ ਲੋਕ ਬਣ ਜਾਂਦਾ ਹੈ।

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ॥੨॥
ਐਸਾ ਕੀਰਤਨੁ ਕਰਿ ਮਨ ਮੇਰੇ॥(ਅੰਗ ੭੪੯)
ਈਹਾ ਊਹਾ ਜੋ ਕਾਮਿ ਤੇਰੈ॥(ਅੰਗ ੭੨੦)

ਸੰਤ ਜਨਾਂ ਨਾਲ ਮਿਲ ਕੇ ਕੀਰਤਨ ਗਾਇਨ ਕਰਨ ਨਾਲ ਜਨਮਾਂ-ਜਨਮਾਂ ਦੇ ਪਾਪ ਅਤੇ ਦੁੱਖ ਮਿਟ ਜਾਂਦੇ ਹਨ:

ਸੰਤ ਜਨਾ ਮਿਲਿ ਹਰਿ ਜਸੁ ਗਾਇਓ॥ਕੋਟਿ ਜਨਮ ਕੇ ਦੁਖ ਗਵਾਇਓ॥(ਅੰਗ ੭੨੦)

'ਮਹਿਮਾ ਪ੍ਰਕਾਸ਼' ਵਿਚ ਵੀ ਗੁਰਬਾਣੀ ਕੀਰਤਨ ਦੀ ਮਹੱਤਤਾ ਬਾਰੇ ਜ਼ਿਕਰ ਕੀਤਾ ਗਿਆ ਹੈ।ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਕੀਰਤਨ ਨੂੰ ਸਭ ਤੋਂ ਸ੍ਰੇਸ਼ਟ ਅਤੇ ਪੁਨੀਤ ਕਰਮ ਦੱਸਦੇ ਹਨ। ਆਪ ਜੀ ਲਿਖਦੇ ਹਨ।

ਕਤ ਪੁਨਿ ਮਾਨਸ ਜਨਮੁ ਕਤ ਸਾਧ ਸੰਗ ਨਿਸਦਿਨ ਕੀਰਤਨ ਸਮੈ ਚਲਿ ਜਾਈਐ॥ਪ੍ਰਸਿੱਧ ਸੰਗੀਤਕ ਵਿਦਵਾਨਾਂ ਡਾਕਟਰ ਅਜੀਤ ਸਿੰਘ ਪੇਂਟਲ ਅਤੇ ਡਾਕਟਰ ਤਰਲੋਚਨ ਸਿੰਘ ਅਨੁਸਾਰ ਕੀਰਤਨ ਹੀ ਪਰਮਾਤਮਾ ਅਰਥਾਤ ਬ੍ਰਹਮ ਤਕ ਪਹੁੰਚਾ ਸਕਦਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਸੰਸਾਰ ਤੋਂ ਕੂਚ ਕਰ ਜਾਣ ਤੀਕ ਲੱਗਭਗ ਹਰੇਕ ਉਤਸਵ/ਕਾਰਜਾਂ/ਸੰਸਕਾਰ ਸਮੇਂ ਕੀਰਤਨ ਦਾ ਹੋਣਾ ਆਮ ਹੈ । ਜਿਹੜਾ ਪ੍ਰਾਣੀ ਲਿਵ ਜੋੜ ਕੇ ਕੀਰਤਨ ਕਰਦਾ ਹੈ ਉਸ ਦੇ ਹਰ ਪਾਸੇ ਦੀਪਕ ਹੀ ਦੀਪਕ ਅਤੇ ਆਤਮਿਕ ਜੋਤ ਆਦਿ ਜਗ ਜਾਣਗੇ।ਉਂਞ ਤਾਂ ਕਿਸੇ ਵੀ ਸਥਾਨ 'ਤੇ ਬੈਠ ਕੇ ਜਾਂ ਇਕੱਲੇ ਵੀ ਕੀਰਤਨ ਕੀਤਾ ਜਾ ਸਕਦਾ ਹੈ ਪਰ ਭਾਈ ਗੁਰਦਾਸ ਜੀ ਮੁਤਾਬਿਕ ਸਾਧ ਸੰਗਤ ਵਿਚ ਬੈਠ ਕੇ ਕੀਰਤਨ ਕਰਨ ਤੇ ਸੁਣਨ ਦਾ ਬਹੁਤ ਮਹੱਤਵ ਹੈ:-ਸਚੁ ਵਣਜੁ ਗੁਰੁ ਹਟੀਐ ਸਾਧਸੰਗਤਿ ਕੀਰਤਿ ਕਰਤਾਰਾ। (ਵਾਰ ੩੯:੬)-ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਾਵੰਦਾ। ਇਸੇ ਵਿਚਾਰ ਨੂੰ ਗੁਰਬਾਣੀ ਵਿਚ ਇਉਂ ਰੂਪਮਾਨ ਕੀਤਾ ਗਿਆ ਹੈ:

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥
(ਅੰਗ ੧੦੭੫)

ਗੁਰਬਾਣੀ ਵਿਚ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨਕਾਰ ਜਾਂ ਉਸਤਤਕਾਰ ਨੂੰ "ਢਾਢੀ" ਆਖ ਕੇ ਵਡਿਆਇਆ ਹੈ।ਕਿ ਕੀਰਤਨ ਪ੍ਰਭੂ ਪਰਮੇਸ਼ਵਰ ਵਾਲਾ ਸਾਧਨ ਹੈ। ਤਾਂ ਹੀ ਤਾਂ ਸੋ ਇਸ ਸਾਰੇ ਵਿਸਥਾਰ ਦਾ ਤੱਤਸਾਰ ਇਹ ਹੈ ਨਾਲ ਜੋੜਨ ਦਾ ਸਭ ਤੋਂ ਉਤਮ, ਸਰਲ ਅਤੇ ਸਹਿਜਤਾ ਗੁਰਬਾਣੀ ਕੁਲ ਲੋਕਾਈ ਨੂੰ ਸੁਨੇਹੜਾ ਦਿੰਦੀ ਹੈ: ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥(ਅੰਗ, ੧੨੯੮),

**ਤੀਰਥ ਸਿੰਘ ਢਿਲੋਂ**

# Let Us Wear the Turban—with Pride!

I need not write an introduction on the importance of the turban in the bana (standard dress) of a Sikh. From childhood, I was trained to rise early, dress properly, and sit down for my studies only after tying my turban and putting on my shoes neatly. My respected parents played a vital role in shaping these habits. This routine continued throughout my years in public service and remains unchanged even in my retired life—I still dress the same way in the early hours of each day.People often become lax in their habits after marriage, but that did not happen in my case. Of course, I was influenced by the lighter side of life—the playful muse that governs humour—shaped by writers like P.G. Wodehouse, Stephen Leacock, and Robert Benchley. Even in serious moments, such as dealing with a heart ailment, humour would find its way in. My first book, in fact, was titled Penguin's "Humerus (Shoulder Joint) and Funny Crazy Bones (Elbow Joint)". But that is beside the point.After emigrating to Canada, I sometimes faced challenges, especially with the telephone. I had only a few friends and relatives in this new country, while many remained in India. There is a risky number in North America—911. If a child dials it accidentally, it can cause unnecessary trouble unless the innocence of the caller is clearly established. As fate would have it, some town codes in India begin with "1," and on two occasions, the 911 squad arrived at our house after such accidental calls—each time reassured by my son with some effort.As per my daily routine, I would say my prayers early in the morning, tie my turban over my patka, and complete my Nitnem. I would then watch Ragi Singhs reciting Asa di Var from Sri Darbar Sahib. After that, I would make my second visit to the washroom. It was around a quarter to nine on one such morning.That is when it happened.It was a very cold winter morning. As I was getting up, I suddenly felt dizzy. I fell backwards, struck the wall, and collapsed against the wooden panel with a loud thud. Hearing the noise, my son called out from outside to ask if I was alright. Sensing from my weak response that something was wrong, he managed to enter the washroom. With great effort, he supported my frail 82-plus-year-old body. My granddaughter called for help, and the 911 squad arrived in no time.They quickly recorded all the essential details about my condition—my blood pressure, blood sugar, ECG—everything was normal. There was only body pain and some dizziness. Fortunately, there was no head injury. My son remarked that my turban had saved me.And lo! Even in that condition, I managed to say:"Yes, it saved me. Why don't you people protect your heads the same way—with a turban?"There was no answer—only silence in the crowded sitting room.Of course, my old $100 wristwatch was damaged beyond repair!I would call this episode a tragic comedy.




**Khushhal Singh, Canada**

# ਕਿਰਤ ਅਤੇ ਭਗਤੀ ਦਾ ਸੁਮੇਲ ਭਗਤ ਧੰਨਾ ਜੀ



ਭਗਤੀ ਦਾ ਮਾਰਗ ਵਿਹਲੜਾਂ, ਨਿਕੰਮਿਆਂ ਅਤੇ ਪਾਖੰਡੀਆਂ ਦਾ ਮਾਰਗ ਨਹੀਂ ਹੈ, ਸਗੋਂ ਇਸ ਮਾਰਗ ਦੇ ਪਾਂਧੀਆਂ/ਭਗਤਾਂ ਨੇ ਕਿਰਤ ਨਾਲ ਜੁੜ ਕੇ ਹੀ ਕਰਤਾਰ ਨਾਲ ਜੁੜਨ ਦੀ ਹਾਮੀ ਭਰੀ ਹੈ। ਭਗਤ ਜਨਾਂ ਵੱਲੋਂ ਇਹ ਹਾਮੀ ਸਿਰਫ਼ ਗੱਲੀਂ-ਬਾਤੀਂ ਹੀ ਨਹੀਂ, ਸਗੋਂ ਵਿਹਾਰਕ ਰੂਪ ਵਿੱਚ (ਹੱਥੀਂ ਕਿਰਤ ਕਰਕੇ) ਵੀ ਭਰੀ ਗਈ ਹੈ। ਮੱਧ ਕਾਲ ਵਿੱਚ ਉੱਭਰੀ ਭਗਤੀ ਲਹਿਰ ਨਾਲ ਜੁੜੇ ਭਗਤ ਸਾਹਿਬਾਨ ਸਰੀਰਕ ਤੌਰ ’ਤੇ ਕਿਰਤ ਨਾਲ ਅਤੇ ਮਾਨਸਿਕ ਤੌਰ ’ਤੇ ਪਰਮੇਸ਼ਰ ਨਾਲ ਜੁੜੇ ਰਹੇ ਹਨ। ਭਗਤੀ ਲਹਿਰ ਨਾਲ ਵਾਬਸਤਾ ਇਨ੍ਹਾਂ ਭਗਤਾਂ ਨੇ ਜਿੱਥੇ ਮਨੁੱਖ ਦੇ ਅਧਿਆਤਮਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ, ਉੱਥੇ ਆਪਣੇ ਸਮਾਜਿਕ ਸਰੋਕਾਰਾਂ ਨੂੰ ਵੀ ਬਣਾਈ ਰੱਖਿਆ ਹੈ। ਇਸ ਲਹਿਰ ਨਾਲ ਜੁੜੇ ਭਗਤ ਆਪਣੀ ਭਗਤੀ-ਭਾਵਨਾ ਸਦਕਾ ਅਕਾਲ ਪੁਰਖ ਦੀ ਕਿਰਪਾ ਦੇ ਵਿਸ਼ੇਸ਼ ਪਾਤਰ ਰਹੇ ਹਨ। ਇਲਾਕਾਈ ਅਤੇ ਭਾਸ਼ਾਈ ਹੱਦਬੰਦੀ ਤੋਂ ਉੱਪਰ ਉੱਠ ਕੇ ਵਿਚਰਨ ਵਾਲੇ ਇਹ ਮਹਾਂਪੁਰਖ ਆਪਣੀ ਸਰਬ-ਕਲਿਆਣੀ ਸੋਚ ਸਦਕਾ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੇ ਹਾਮੀ ਰਹੇ ਹਨ।ਅਥਾਹ ਸ਼ਰਧਾ ਅਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਇਨ੍ਹਾਂ ਭਗਤਾਂ ਨੇ ਆਪਣੀ ਰੂਹ ਨੂੰ ਰੱਬੀ ਰੰਗ ਵਿੱਚ ਰੰਗ ਕੇ ਅਜਿਹੇ ਵੱਡਮੁੱਲੇ ਅਤੇ ਪਵਿੱਤਰ ਬਚਨ ਉਚਾਰਣ ਕੀਤੇ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕੋਈ ਵੀ ਵਿਅਕਤੀ ਆਪਣੇ ਲੋਕ ਅਤੇ ਪਰਲੋਕ ਨੂੰ ਸੁਹੇਲਾ ਬਣਾ ਸਕਦਾ ਹੈ। ਸਮਾਜਿਕ ਅਤੇ ਸਭਿਆਚਾਰਕ ਵਖਰੇਵਿਆਂ ਦੇ ਬਾਵਜੂਦ ਇਨ੍ਹਾਂ ਭਗਤਾਂ ਦੀ ਟੇਕ ਹਮੇਸ਼ਾਂ ਇੱਕ ਅਕਾਲ ਪੁਰਖ ’ਤੇ ਰਹੀ ਹੈ। ਇਸ ਟੇਕ ਸਦਕਾ ਹੀ ਇਹ ਭਗਤ ਉਸ ਪਰਮ ਪਿਤਾ ਨਾਲ ਇਕਸੁਰ ਹੁੰਦੇ ਰਹੇ ਹਨ। ਸੋਚ ਪੱਖੋਂ ਉੱਚੇ ਅਤੇ ਵਿਹਾਰ ਪੱਖੋਂ ਸੁੱਚੇ ਇਨ੍ਹਾਂ ਭਗਤਾਂ ਦੀ ਚਾਲ ਸੰਸਾਰੀਆਂ ਨਾਲੋਂ ਕੁੱਝ ਨਿਰਾਲੀ ਬਣੀ ਰਹੀ ਹੈ। ਇਸ ਚਾਲ ਦੀ ਗਵਾਹੀ ਤੀਸਰੇ ਗੁਰੂ ਅਮਰਦਾਸ ਜੀ ਆਪਣੀ ਬਾਣੀ ‘ਆਨੰਦ ਸਾਹਿਬ’ ਦੀ 14ਵੀਂ ਪਾਉੜੀ ਵਿੱਚ ਇਸ ਤਰ੍ਹਾਂ ਭਰਦੇ ਹਨ:ਭਗਤਾ ਕੀ ਚਾਲ ਨਿਰਾਲੀ।।ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।।ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।।ਇਸ ਨਿਰਾਲੀ ਚਾਲ ਕਰਕੇ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਇਨ੍ਹਾਂ ਬਿਖਮ ਮਾਰਗ ਦੇ ਪਾਂਧੀ ਭਗਤਾਂ ਨੂੰ ਜਦੋਂ ਕਦੇ ਸੰਸਾਰੀ ਲੋਕਾਂ ਨੇ ਸਤਾਉਣ ਜਾਂ ਅਜ਼ਮਾਉਣ ਦਾ ਕੋਈ ਕੋਝਾ ਯਤਨ ਕੀਤਾ ਤਾਂ ਆਪਣੇ ਪਿਆਰੇ ਭਗਤਾਂ ਦੀ ਬਾਂਹ ਪ੍ਰਭੂ ਨੇ ਅੱਗੇ ਹੋ ਕੇ ਆਪ ਫੜੀ ਹੈ। ਇਸ ਗੱਲ ਦੀ ਤਸਦੀਕ ਕਰਦੇ ਹੋਏ ਚੌਥੇ ਗੁਰੂ ਰਾਮਦਾਸ ਜੀ ਇੰਝ ਫ਼ੁਰਮਾਉਂਦੇ ਹਨ:ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।।ਸਿਦਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਕੀਤੀ ਪ੍ਰੇਮਾ-ਭਗਤੀ ਜਦੋਂ ਆਪਣੀ ਸਿਖਰ ਛੋਹ ਜਾਂਦੀ ਹੈ ਤਾਂ ਉਸ ਵੇਲੇ ਰੱਬ ਨੂੰ ਵੀ ਇਨ੍ਹਾਂ ਭਗਤਾਂ ਦੀ ਗ਼ੁਲਾਮੀ ਕਰਨੀ ਪੈ ਜਾਂਦੀ ਹੈ। ਅਜਿਹੀ ਹੀ ਗ਼ੁਲਾਮੀ ਰੱਬ ਨੂੰ ਧੰਨੇ ਭਗਤ ਦੀ ਵੀ ਕਰਨੀ ਪਈ ਸੀ, ਜਦੋਂ ਉਸ ਨੇ ਆਪਣੇ ਭੋਲੇਪਨ ਅਤੇ ਦ੍ਰਿੜ੍ਹ ਵਿਸ਼ਵਾਸ ਨਾਲ ਉਸ ਨੂੰ ਆਪਣਾ ਸੱਜਣ ਬਣਾ ਲਿਆ ਸੀ। ਜੱਟਕੀ ਜ਼ਿੱਦ ਤੇ ਅਟੱਲ ਭਰੋਸੇ ਨਾਲ ਰੱਬੀ ਬਖ਼ਸ਼ਿਸ਼ ਦਾ ਪਾਤਰ ਬਣਨ ਵਾਲੇ ਅਤੇ ਇਸ ਬਖ਼ਸ਼ਿਸ਼ ਦੀ ਬਦੌਲਤ ਆਪਣੇ ਖੇਤਾਂ ਦੇ ਨੱਕੇ ਮੁੜਵਾਉਣ ਵਾਲੇ ਭਗਤ ਧੰਨਾ ਜੀ ਦਾ ਜਨਮ 20 ਅਪਰੈਲ 1416 ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਪਿੰਡ ਧੂਆਨ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਭੋਲਾ ਅਤੇ ਮਾਤਾ ਦਾ ਨਾਮ ਧੰਨੋ ਸੀ। ਉਨ੍ਹਾਂ ਦਾ ਸ਼ੁਮਾਰ ਉਨ੍ਹਾਂ ਸਿਦਕਵਾਨਾਂ ’ਚ ਕੀਤਾ ਜਾਂਦਾ ਹੈ ਜਿਹੜੇ ਆਪਣਾ ਹੱਥ ‘ਕਾਰ’ (ਕਿਰਤ) ਵੱਲ ਅਤੇ ਦਿਲ ‘ਯਾਰ’ (ਪ੍ਰਭੂ) ਵੱਲ ਲਾਈ ਰੱਖਦੇ ਹਨ। ਇਸ ਲਗਨ ਸਦਕਾ ਉਨ੍ਹਾਂ ਨੇ ਉਸ ਪਰਮ ਪਿਤਾ ਦੇ ਨਾ ਸਿਰਫ਼ ਦਰਸ਼ਨ ਹੀ ਕੀਤੇ, ਸਗੋਂ ਉਸ ਨੂੰ ਆਪਣੇ ਕੰਮ-ਕਾਜ ਦਾ ਹਿੱਸਾ ਵੀ ਬਣਾ ਲਿਆ।ਭਗਤ ਧੰਨਾ ਜੀ ਨਾਲ ਜੁੜੇ ਸਾਖੀ-ਸਾਹਿਤ ਨੂੰ ਪੜ੍ਹਨ ਤੋਂ ਬਾਅਦ ਜਿਹੜੀਆਂ ਗੱਲਾਂ ਪ੍ਰਮੁੱਖ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਅਨੁਸਾਰ ਬਚਪਨ ਸਮੇਂ ਤੋਂ ਧਾਰਮਿਕ ਰੁਚੀਆਂ ਰੱਖਣ ਵਾਲੇ ਭਗਤ ਧੰਨਾ ਜੀ ਦਾ ਜੀਵਨ ਬਹੁਤ ਹੀ ਸਾਦਾ ਅਤੇ ਸੰਘਰਸ਼ਮਈ ਸੀ। ਇੱਕ ਦਿਨ ਉਨ੍ਹਾਂ ਨੇ ਇੱਕ ਪੰਡਿਤ ਨੂੰ ਠਾਕੁਰ ਦੀ ਪੂਜਾ ਕਰਦੇ ਹੋਏ ਬੜੇ ਧਿਆਨ ਨਾਲ ਦੇਖਿਆ। ਦੇਖਣ ਮਗਰੋਂ ਭਗਤ ਜੀ ਦੇ ਮਨ ਵਿੱਚ ਵੀ ਪੂਜਾ ਦੀ ਇੱਛਾ ਪ੍ਰਚੰਡ ਹੋ ਗਈ। ਆਪਣੀ ਇਸ ਪ੍ਰਚੰਡ ਇੱਛਾ ਕਾਰਨ ਉਨ੍ਹਾਂ ਨੇ ਉਸ ਪੰਡਿਤ ਤੋਂ ਠਾਕੁਰ ਦੀ ਮੰਗ ਕੀਤੀ। ਬਦਲੇ ਵਿੱਚ ਉਸ ਪੰਡਿਤ ਨੇ ਭਗਤ ਜੀ ਨੂੰ ਕੁੱਝ ਦੁਨਿਆਵੀ ਵਸਤਾਂ ਦੱਖਣਾ ਦੇ ਰੂਪ ਵਿੱਚ ਦੇਣ ਲਈ ਕਿਹਾ, ਜੋ ਭਗਤ ਜੀ ਨੇ ਸਹਿਜ ਨਾਲ ਹੀ ਦੇਣੀਆਂ ਪ੍ਰਵਾਨ ਕਰ ਲਈਆਂ। ਇਸ ਸਮਝੌਤੇ ਤੋਂ ਬਾਅਦ ਉਸ ਪੰਡਿਤ ਨੇ ਸਧਾਰਨ ਪੱਥਰ ਭਗਤ ਧੰਨਾ ਜੀ ਦੇ ਸਪੁਰਦ ਕਰ ਦਿੱਤਾ।ਸਿਦਕੀ ਭਾਵਨਾ ਅਤੇ ਸੱਚੀ ਲਗਨ ਵਾਲੇ ਭਗਤ ਨੇ ਉਸ ਸਾਧਾਰਨ ਪੱਥਰ (ਭਗਵਾਨ ਸਮਝ ਕੇ) ਦਾ ਇਸ਼ਨਾਨ ਕਰਾ ਕੇ ਉਸ ਦੀ ਪੂਜਾ ਕੀਤੀ ਅਤੇ ਉਸ ਨੂੰ ਪ੍ਰਸ਼ਾਦੇ-ਪਾਣੀ ਨੂੰ ਭੋਗ ਲਗਾਉਣ ਲਈ ਕਿਹਾ। ਪੱਥਰ ਵੱਲੋਂ ਕੋਈ ਹੁੰਗਾਰਾ ਨਾ ਮਿਲਦਾ ਦੇਖ ਕੇ ਭਗਤ ਨੇ ਆਪ ਵੀ ਕੁੱਝ ਖਾਣ ਤੋਂ ਇਨਕਾਰ ਕਰ ਦਿੱਤਾ। ਭਗਤ ਧੰਨਾ ਜੀ ਦੇ ਇਸ ਹੱਠ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਤੇਰਵੀਂ ਪਾਉੜੀ ਵਿੱਚ ਇਸ ਤਰ੍ਹਾਂ ਭਰੀ ਹੈ:ਠਾਕੁਰ ਨੋ ਨ੍ਹਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।।ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ।।ਹਉਂ ਭੀ ਮੁਹੁ ਨ ਜੂਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।।ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।।ਭੋਲਾ ਭਾਉ ਗੋਬਿੰਦੁ ਮਿਲਾਵੈ।।ਪੰਜਵੇਂ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੇ ਸ਼ਬਦ ਵਿੱਚ ਜਿੱਥੇ ਹੋਰ ਬਹੁਤ ਸਾਰੇ ਭਗਤਾਂ ਦੀ ਕਰੜੀ ਕਮਾਈ ਦਾ ਜ਼ਿਕਰ ਕਰਦੇ ਹਨ, ਉੱਥੇ ਭਗਤ ਧੰਨਾ ਜੀ ਨੂੰ ‘ਧੰਨੈ ਸੇਵਿਆ ਬਾਲ ਬੁਧਿ’ ਕਹਿ ਕੇ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਹਵਾਲਾ ਵੀ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਗ 487 ਉੱਪਰ ਸੁਸ਼ੋਭਿਤ ਆਪਣੇ ਇੱਕ ਹੋਰ ਪਾਵਨ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿੱਚ ਪੰਜਵੇਂ ਨਾਨਕ ਫ਼ੁਰਮਾਉਂਦੇ ਹਨ:ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।।ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।।ਗੁਰੂ ਅਰਜਨ ਦੇਵ ਜੀ ਇਨ੍ਹਾਂ ਪਾਵਨ ਪੰਕਤੀਆਂ ਰਾਹੀਂ ਇਹ ਸੰਕੇਤ ਦੇ ਰਹੇ ਹਨ ਕਿ ਭਗਤ ਧੰਨਾ ਜੀ ਨੇ ਇਸ ਗੱਲ ਨੂੰ ਭਲੀ-ਭਾਂਤ ਸਮਝ ਲਿਆ ਸੀ ਕਿ ਪਰਮਾਤਮਾ ਨੂੰ ਹਿਰਦੇ ਵਿੱਚ ਵਸਾਉਣ ਨਾਲ ਜਿੱਥੇ ਉਸ ਤੋਂ ਪੂਰਵਕਾਲੀ ਭਗਤਾਂ (ਨਾਮਦੇਵ, ਰਵਿਦਾਸ ਅਤੇ ਸੈਣ ਆਦਿ) ਨੇ ਰੱਬੀ ਪਿਆਰ ਨੂੰ ਹਾਸਲ ਕਰ ਲਿਆ ਸੀ, ਤਾਂ ਭਗਤੀ ਦੀ ਇਹ ਵਿਧੀ ਉਸ ਨੂੰ ਵੀ ਪਰਮੇਸ਼ਰ ਤੱਕ ਪਹੁੰਚਾ ਸਕਦੀ ਹੈ। ਉਸ ਦੀ ਇਸ ਸਮਰਪਣ ਦੀ ਭਾਵਨਾ ਵਾਲੀ ਭਗਤੀ ਨੇ ਉਸ ਨੂੰ ਸਾਖਿਆਤ ਰੂਪ ਵਿੱਚ ਪ੍ਰਭੂ ਦੇ ਦਰਸ਼ਨ-ਦੀਦਾਰੇ ਕਰਵਾ ਦਿੱਤੇ ਸਨ। ਗੱਲ ਸਿਰਫ਼ ਦਰਸ਼ਨ-ਦੀਦਾਰੇ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਪ੍ਰਭੂ ਨੇ ਆਪਣੇ ਪਿਆਰੇ ਅਤੇ ਨਿਆਰੇ ਭਗਤ ਦੇ ਕਾਰਜ ਵੀ ਆਪਣੇ ਜ਼ਿੰਮੇ ਲੈ ਲਏ ਸਨ। ਗੋਪਾਲ ਵੱਲੋਂ ਨਿਭਾਏ ਜਾ ਰਹੇ ਇਸ ਜ਼ਿੰਮੇ ਨੂੰ ਦੇਖ ਕੇ ਹੀ ਭਗਤ ਧੰਨਾ ਜੀ ਉਚਾਰਦੇ ਹਨ:ਗੋਪਾਲ ਤੇਰਾ ਆਰਤਾ।।ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।।ਭਗਤ ਧੰਨਾ ਜੀ ਦੀ ਧੰਨਤਾ ਇਸ ਗੱਲ ਵਿੱਚ ਵੀ ਹੈ ਕਿ ਜਿੱਥੇ ਕੁੱਝ ਧਾਰਮਿਕ ਰਹਿਬਰ ਔਰਤ ਨੂੰ ਭਗਤੀ-ਮਾਰਗ ਲਈ ਰੁਕਾਵਟ ਮਹਿਸੂਸਦੇ ਹਨ, ਉੱਥੇ ਉਹ ਧੜੱਲੇ ਨਾਲ ਆਖ ਰਹੇ ਹਨ:ਘਰ ਕੀ ਗੀਹਨਿ ਚੰਗੀ।।ਜਨੁ ਧੰਨਾ ਲੇਵੈ ਮੰਗੀ।।ਔਰਤਾਂ ਅਤੇ ਕਿਰਤ ਦੇ ਪ੍ਰਤੀ ਅਜਿਹੀ ਸਤਿਕਾਰਤ ਤੇ ਨੇਕ ਸੋਚ ਰੱਖਣ ਵਾਲੇ ਭਗਤ ਧੰਨਾ ਜੀ ਦਾ ਰੱਜਵਾਂ ਅਤੇ ਫਬਵਾਂ ਸਤਿਕਾਰ ਕਰਦਿਆਂ ਹੀ ਬਾਣੀ ਕੇ ਬੋਹਿਥ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਲਾਹੀ ਬਚਨਾਂ ਦਾ ਉਚਾਰਣ ਕਰਨ ਵਾਲੇ ਛੇ ਗੁਰੂ ਸਾਹਿਬਾਨ, ਗਿਆਰਾਂ ਭੱਟਾਂ, ਚਾਰ ਗੁਰੂ ਦੇ ਨਿਕਟਵਰਤੀਆਂ ਅਤੇ 15 ਭਗਤਾਂ ਦੀ ਬਾਣੀ ਨੂੰ ਇੱਕ ਲੜੀ (ਆਦਿ ਗ੍ਰੰਥ ਸਾਹਿਬ ਦੇ ਰੂਪ ਵਿੱਚ) ਵਿੱਚ ਪਰੋਇਆ ਸੀ, ਤਾਂ ਉਸ ਵਿੱਚ ਭਗਤ ਧੰਨਾ ਜੀ ਦੇ ਤਿੰਨ ਪਵਿੱਤਰ ਸ਼ਬਦ (ਦੋ ਰਾਗ ਆਸਾ ਅਤੇ ਇੱਕ ਰਾਗ ਧਨਾਸਰੀ) ਵੀ ਸ਼ਾਮਿਲ ਕਰ ਲਏ ਸਨ।ਭਗਤੀ ਲਹਿਰ ਦੇ ਪ੍ਰਮੁੱਖ ਭਗਤ ਧੰਨਾ ਜੀ ਆਪਣੀ ਧਾਰਮਿਕ ਅਤੇ ਸਮਾਜਿਕ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ 15 ਦਸੰਬਰ 1502 ਈਸਵੀ ਨੂੰ ਪਰਲੋਕ ਸਿਧਾਰ ਗਏ। ਉਨ੍ਹਾਂ ਦੀ ਭਗਤੀ-ਭਾਵਨਾ ਜਿੱਥੇ ਪਖੰਡਵਾਦ ਤੋਂ ਨਿਰਲੇਪ ਹੈ, ਉੱਥੇ ਸੱਚੀ ਤੇ ਸੁੱਚੀ ਕਿਰਤ ਕਰਦਿਆਂ ਕਰਤਾਰ ਨਾਲ ਜੁੜਨ ਦੀ ਇੱਕ ਅਤਿ ਉੱਤਮ ਮਿਸਾਲ ਵੀ ਹੈ।

**ਰਮੇਸ਼ ਬੱਗਾ ਚੋਹਲਾ**

# ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ



ਕਦੀ ਤਾਂ ਮਨੁੱਖ ਦੀ ਸੋਚ ਹਿਮਾਲੀਆ ਪਰਬਤ ਵਾਂਗ ਉਚੀ ਹੋ ਜਾਂਦੀ ਹੈ ਪਰ ਓਸੇ ਮਨੁੱਖ ਦੀ ਸੋਚ ਕਿਸੇ ਸਮੇ ਪਾਤਾਲ ਜਿੰਨੀ ਨੀਵੀਂ ਹੋ ਜਾਂਦੀ ਹੈ । ਕਦੀ ਤੇ ਮਨੁੱਖ ਦੂਸਰੇ ਲਈ ਆਪਣੀ ਜਾਨ ਤੱਕ ਵਾਰ ਦਿੰਦਾ ਹੈ ਤੇ ਕਦੀ ਤੜਫਦੇ ਦੇ ਮੂੰਹ ਵਿਚ ਪਾਣੀ ਵੀ ਨਹੀਂ ਪਾਉਂਦਾ। ਮਤਲਬ ਕਿ ਕਦੀ ਧਰਮੀ ਬਣ ਜਾਂਦਾ ਹੈ ਤੇ ਕਦੀ ਪਾਪੀ; ਇਸ ਦਾ ਵਿਸਾਹ ਕੋਈ ਨਹੀਂ।ਬਹੁਤ ਸਮਾਂ ਪਹਿਲਾਂ ਈਸਰ ਸਿੰਘ ਭਾਈਆ ਜੀ ਦੀ ਇਕ ਕਵਿਤਾ ਸੀ ਕਿ ਭਾਈਏ ਦੇ ਘਰ ਵਾਲ਼ੀ ਵੱਲੋਂ, ਭਾਈਏ ਨੂੰ ਬਾਜ਼ਾਰੋਂ ਧੜੀ ਆਲੂ ਲੈਣ ਭੇਜਿਆ ਗਿਆ। ਰਸਤੇ ਵਿਚ ਉਸ ਨੂੰ ਕਿਸੇ ਦੀ ਡਿੱਗੀ ਹੋਈ ਥੈਲੀ ਲੱਭੀ। ਵੇਖਿਆ ਤਾਂ ਉਸ ਵਿਚ ਪੰਜ ਸੌ ਚਾਂਦੀ ਦੇ ਰੁਪਏ ਸਨ। ਭਾਈਆ ਉਹ ਥੈਲੀ ਲੈ ਕੇ ਠਾਣੇ ਚਲਿਆ ਗਿਆ। ਅੱਗੇ ਓਥੇ ਠਾਣੇ ਵਿਚ ਭਾਈਏ ਦੇ ਸਾਲ਼ੇ ਦਾ ਸਾਲ਼ਾ ਮੁਣਸ਼ੀ ਦੀ ਕੁਰਸੀ ਉਪਰ ਬੈਠਾ ਸੀ। ਭਾਈਏ ਨੇ ਜਾ ਥੈਲੀ ਉਸ ਦੇ ਅੱਗੇ ਰੱਖੀ ਤੇ ਆਖਿਆ, “ਆਹ ਥੈਲੀ ਮੈਨੂੰ ਰਾਹ ਵਿਚੋਂ ਲੱਭੀ ਹੈ ਤੇ ਇਸ ਨੂੰ ਤੁਸੀਂ ਜਮ੍ਹਾ ਕਰ ਲਵੋ ਤੇ ਜਿਸ ਦੀ ਹੋਵੇ ਉਸ ਨੂੰ ਦੇ ਦੇਣੀ।”ਅੱਗੋਂ ਮੁਣਸ਼ੀ ਆਖਣ ਲੱਗਾ, “ਓਇ ਭਾਈਆ, ਤੇਰੀ ਮੱਤ ਮਾਰੀ ਗਈ ਹੈ? ਚੁੱਪ ਕਰਕੇ ਇਸ ਨੂੰ ਚੁੱਕ ਤੇ ਘਰ ਵਾਲ਼ੀ ਨੂੰ ਜਾ ਕੇ ਫੜਾ; ਨਾਲ਼ੇ ਉਹ ਖ਼ੁਸ਼, ਵੇਖਿਆ ਤੈਨੂੰ ਕਿਸੇ ਨੇ ਨਹੀਂ।” ਭਾਈਆ ਆਂਹਦਾ, “ਨਾ ਮੁਣਸ਼ੀ ਜੀ, ਇਹ ਮੇਰੇ ਨਹੀਂ ਹਨ ਤੇ ਮੈਂ ਆਪਣੇ ਘਰ ਵਾਸਤੇ ਨਹੀਂ ਖੜਨੇ।” ਹਾਰ ਕੇ, ਭਾਈਏ ਦੀ ਅੜੀ ਅੱਗੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਮੁਣਸ਼ੀ ਨੇ ਉਹ ਥੈਲੀ ਜਮ੍ਹਾਂ ਕਰ ਲਈ।ਥੈਲੀ ਜਮ੍ਹਾ ਕਰਵਾ ਕੇ ਭਾਈਆ ਸਬਜ਼ੀ ਵਾਲ਼ੀ ਦੁਕਾਨ 'ਤੇ ਚਲਿਆ ਗਿਆ। ਦੋ ਆਨੇ ਦੇ ਧੜੀ ਆਲੂ ਜੁਖਵਾ ਕੇ ਚਾਦਰ ਵਿਚ ਪਵਾ ਲਏ ਤੇ ਦੁਕਾਨ ਵਾਲ਼ੇ ਨੂੰ ਇਕ ਰੁਪਇਆ ਫੜਾਇਆ ਤੇ ਚੌਦਾਂ ਆਨੇ ਵਾਪਸ ਲੈਣ ਲਈ ਰੁਕਿਆ। ਜਦੋਂ ਦੁਕਾਨਦਾਰ ਰੁਪਇਆ ਆਪਣੇ ਗਲੇ ਵਿਚ ਪਾਉਣ ਲੱਗਾ ਤਾਂ ਉਸ ਦਾ ਧਿਆਨ ਲਾਂਭੇ ਹੋਇਆ ਵੇਖ ਕੇ, ਭਾਈਏ ਨੇ ਆਲੂਆਂ ਦੀ ਢੇਰੀ ਵਿਚੋਂ ਇਕ ਆਲੂ ਚੁੱਕ ਕੇ ਆਪਣੀ ਝੋਲੀ ਵਿਚ ਪਾ ਲਿਆ। ਦੁਕਾਨਦਾਰ ਨੇ ਭਾਈਏ ਨੂੰ ਓਸੇ ਸਮੇਂ ਗੁੱਟੋਂ ਫੜ ਲਿਆ। ਬੁਰਾ ਭਲਾ ਬੋਲਦਾ ਹੋਇਆ ਭਾਈਏ ਨੂੰ ਠਾਣੇ ਲੈ ਆਇਆ ਤੇ ਮੁਣਸ਼ੀ ਕੋਲ਼ ਭਾਈਏ ਦੀ ਸ਼ਿਕਾਇਤ ਲਾਈ। ਮੁਣਸ਼ੀ ਮੰਨੇ ਨਾ ਕਿ ਭਾਈਆ, ਜੇਹੜਾ ਕਿ ਹੁਣੇ ਹੁਣੇ ਪੰਜ ਸੌ ਰੁਪਏ ਜਮ੍ਹਾਂ ਕਰਵਾ ਕੇ ਗਿਆ ਹੈ, ਉਹ ਇਕ ਆਲੂ ਦੀ ਚੋਰੀ ਕਰ ਸਕਦਾ ਹੈ! ਅਖ਼ੀਰ ਆਲੂ ਜੋਖੇ ਗਏ ਤਾਂ ਇਕ ਆਲੂ ਧੜੀ ਤੋਂ ਵੱਧ ਨਿਕਲ਼ਿਆ। ਪੰਜ ਸੌ ਦੀ ਈਮਾਨਦਾਰੀ ਵਾਲ਼ਾ ਇਕ ਆਲੂ 'ਤੇ ਡੁਲ੍ਹ ਗਿਆ ਨਤੀਜਾ ਇਹ ਨਿਕਲ਼ਿਆ ਕਿ ਕੋਈ ਪਤਾ ਨਹੀਂ ਬੰਦੇ ਦੀ ਮਾਨਸਿਕ ਅਵਸਥਾ ਕਿਸ ਸਮੇ ਕਿਹੋ ਜਿਹੀ ਹੋ ਜਾਵੇ!ਬਹੁਤ ਸਾਲਾਂ ਦੀ ਗੱਲ ਹੈ : ਓਦੋਂ ਮੇਰੀ ਘਰ ਵਾਲ਼ੀ ਕੰਮ ਕਰਦੀ ਸੀ ਤੇ ਮੈਂ ਵੇਹਲਾ ਸਾਂ। ਇਕ ਮੈਂਬਰ ਦੀ ਕਮਾਈ ਨਾਲ਼, ਮਕਾਨ ਦੀ ਕਿਸ਼ਤ ਭਰ ਕੇ, ਛੇ ਜੀਆਂ ਦੇ ਟੱਬਰ ਦੀ ਮਸਾਂ ਦਾਲ ਰੋਟੀ ਹੀ ਚੱਲਦੀ ਸੀ। ਜਿਵੇਂ ਮੇਰਾ ਅੰਗ੍ਰੇਜ਼ੀ ਵੱਲੋਂ ਹੱਥ ਤੰਗ ਹੈ ਓਵੇਂ ਓਹਨੀਂ ਦਿਨੀਂ ਮਾਇਆ ਵੱਲੋਂ ਵੀ ਮੇਰੇ ਨਾਲ਼ ਅਜਿਹਾ ਹੀ ਵਰਤਾ ਕੀਤਾ ਜਾਂਦਾ ਸੀ। ਹੁਣ ਤਾਂ ਗੁਰੂ ਦੀ ਕਿਰਪਾ ਨਾਲ਼ ਬੁਢੇਪੇ ਦੀ ਪੈਨਸ਼ਨ ਮਿਲਦੀ ਹੈ ਪਰ ਓਦੋਂ ਮਾਇਆ ਪੁਰਾਣੇ ਸਮੇ ਦਾ ਜੇਠ ਸਮਝ ਕੇ, ਮੇਰੇ ਕੋਲ਼ੋਂ ਘੁੰਡ ਹੀ ਕੱਢੀ ਰੱਖਦੀ ਸੀ। ਓਦੋਂ ਅਜੇ ਕੰਧ ਵਿਚੋਂ ਪੈਸੇ ਕੱਢਣ ਵਾਲ਼ੀ ਮਸ਼ੀਨ ਦੀ ਵਰਤੋਂ ਦਾ ਬਹੁਤਾ ਰਿਵਾਜ ਨਹੀਂ ਸੀ ਚੱਲਿਆ। ਕਿਤੇ ਕਿਤੇ ਇਹ ਮਸ਼ੀਨ ਹੁੰਦੀ ਸੀ!

# ਸਰਕਾਰ ਏ ਖ਼ਾਲਸਾ: ਇੱਕ ਪੁਨਰ ਚਿੰਤਨ ਵਿਸ਼ੇ 'ਤੇ ਕਰਵਾਇਆ




ਬਹਾਦਰਗੜ੍ਹ/ਪਟਿਆਲਾ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਅਧੀਨ ਡਾਇਰੈਕਟਰੋਰੇਟ ਆਫ਼ ਐਜੂਕੇਸ਼ਨ ਬਹਾਦਰਗੜ੍ਹ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਦੀ ਯੋਗ ਅਗਵਾਈ ਵਿਚ ਸਿੱਖਿਆ ਸਕੱਤਰ ਦੇ ਦਿਸ਼ਾ ਨਿਰਦੇਸ਼ਾਂ ਹੇਠ 'ਸਰਕਾਰ ਏ ਖ਼ਾਲਸਾ: ਇੱਕ ਪੁਨਰ ਚਿੰਤਨ' ਵਿਸ਼ੇ ਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ, ਪਟਿਆਲਾ ਵਿਖੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਵਿੱਚ ਵੱਖ—ਵੱਖ ਯੂਨੀਵਰਸਿਟੀਆਂ ਤੋਂ ਵਿਦਵਾਨਾਂ, ਖੋਜ ਕਰਤਿਆਂ, ਪ੍ਰੋਫੈਸਰ ਸਾਹਿਬਾਨ ਅਤੇ ਵੱਖ—ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਲਗਭਗ 90 ਪਰਚੇ ਪੜ੍ਹੇ ਗਏ। ਸੈਮੀਨਾਰ ਦੀ ਸ਼ੁਰੂਆਤ ਖਾਲਸਾ ਕਾਲਜ, ਪਟਿਆਲਾ ਦੇ ਵਿਦਿਆਰਥੀਆਂ ਵੱਲੋਂ ਉਦਘਾਟਨੀ ਸ਼ਬਦ ਰਾਹੀਂ ਕੀਤੀ ਗਈ। ਡਾ. ਰਜਿੰਦਰ ਕੌਰ, ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ, ਲੁਧਿਆਣਾ ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਮੰਚ ਸੰਚਾਲਨ ਵੀ ਕੀਤਾ।

ਇਸ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿਸਟਰੀ ਵਿਭਾਗ ਦੇ ਰਿਟਾ. ਪ੍ਰੋ. ਸੁਲੱਖਣ ਸਿੰਘ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਕਿਹਾ ਕਿ ਇਸ ਸੈਮੀਨਾਰ ਦਾ ਵਿਸ਼ਾ ਸਿਰਫ ਇਤਿਹਾਸਕ ਅਧਿਐਨ ਤੱਕ ਸੀਮਿਤ ਨਹੀਂ, ਸਗੋਂ ਸਾਡੇ ਸਮਾਜਿਕ, ਰਾਜਨੀਤਿਕ ਅਤੇ ਨੈਤਿਕ ਮੁੱਲ੍ਹਾਂ ਨਾਲ ਜੁੜਿਆ ਹੋਇਆ ਹੈ।ਸਰਕਾਰ ਏ ਖ਼ਾਲਸਾ ਦੀ ਸੰਕਲਪਨਾ ਸਾਨੂੰ ਸਿੱਖ ਇਤਿਹਾਸ ਦੇ ਸੁਨਹਿਰੀ ਯੁੱਗ ਵੱਲ ਲੈ ਜਾਂਦੀ ਹੈ, ਜਿੱਥੇ ਨਿਆਂ, ਸਮਾਨਤਾ ਅਤੇ ਸੇਵਾ ਦੇ ਮੂਲ ਸਿਧਾਂਤਾਂ 'ਤੇ ਅਧਾਰਿਤ ਪ੍ਰਬੰਧ ਸਥਾਪਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਮੁੱਚੀ ਸਖ਼ਸ਼ੀਅਤ ਨੂੰ ਸਮਝਣ ਲਈ ਪਾਠਕਾਂ, ਸਰੋਤਿਆਂ ਅਤੇ ਆਪ ਵਿਅਕਤੀ ਨੂੰ ਜਾਣਕਾਰੀ ਹੋਣੀ ਜ਼ਰੂਰੀ ਹੈ, ਜਿਸ ਵਿੱਚ ਇਹ ਸੈਮੀਨਾਰ ਆਪਣਾ ਵਿਸ਼ੇਸ਼ ਯੋਗਦਾਨ ਪਾਵੇਗਾ। ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲ ਵਿੱਚ ਰਾਜ—ਪ੍ਰਬੰਧ, ਸਿਧਾਂਤ ਅਤੇ ਧਰਮ ਆਦਿ ਪੱਖਾਂ ਨੂੰ ਵੀ ਇਸ ਸੈਮੀਨਾਰ ਵਿੱਚ ਵਿਚਾਰਿਆ ਗਿਆ।ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਏ ਖ਼ਾਲਸਾ ਸਿਰਫ਼ ਇੱਕ ਰਾਜਨੀਤਿਕ ਪ੍ਰਣਾਲੀ ਨਹੀਂ ਸੀ, ਸਗੋਂ ਨਿਆਂ, ਸਮਾਨਤਾ ਅਤੇ ਧਾਰਮਿਕ ਆਜਾਦੀ ਦੇ ਅਧਾਰ 'ਤੇ ਖੜੀ ਇੱਕ ਵਿਲੱਖਣ ਪ੍ਰਣਾਲੀ ਸੀ।

ਉਨ੍ਹਾਂ ਕਿਹਾ ਕਿ ਅੱਜ ਦੇ ਸੈਮੀਨਾਰ ਦਾ ਉਦੇਸ਼ ਸਿਰਫ਼ ਇਤਿਹਾਸ ਨੂੰ ਯਾਦ ਕਰਨਾ ਹੀ ਨਹੀਂ, ਸਗੋਂ ਉਸ ਤੋਂ ਸੇਧ ਲੈਣਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਵੱਲੋਂ ਮਿਲੇ ਹੋਏ ਗੁਰੂ ਸਿਧਾਂਤਾਂ ਦੀ ਬਖ਼ਸ਼ਿਸ ਅਤੇ ਵਡਿਆਈਆਂ ਨੂੰ ਬਰਕਰਾਰ ਰੱਖਣਾ ਮਨੁੱਖ ਦੀ ਧਾਰਮਿਕ ਅਤੇ ਨੈਤਿਕ ਜਿੰਮੇਵਾਰੀ ਹੈ।ਉਦਘਾਟਨੀ ਸਮਾਰੋਹ ਦੀ ਸਮਾਪਤੀ ਮੌਕੇ ਸਿੱਖਿਆ ਸਕੱਤਰ ਸੁਖਮਿੰਦਰ ਸਿੰਘ ਵੱਲੋਂ ਪੁੱਜੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਡਾ. ਪਰਮਜੀਤ ਕੌਰ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਅਤੇ ਡਾ. ਦਵਿੰਦਰ ਸਿੰਘ, ਖਾਲਸਾ ਕਾਲਜ, ਪਟਿਆਲਾ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।ਸੈਮੀਨਾਰ ਦੇ ਵਿਸ਼ੇਸ਼ ਭਾਸ਼ਣ ਵਿੱਚ ਪ੍ਰੋ. ਮੁਹੰਮਦ ਇਦਰੀਸ, ਪ੍ਰੋ. ਹਿਸਟਰੀ ਵਿਭਾਗ ਅਤੇ ਇੰਚਾਰਜ ਸ਼ਹੀਦ ਊਧਮ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕਿਹਾ ਕਿ ਸਰਕਾਰ ਏ ਖ਼ਾਲਸਾ ਦੀ ਨੀਂਹ ਸਚਾਈ, ਨਿਆਂ, ਨਿਰਭਉਤਾ ਅਤੇ ਸੇਵਾ ਦੇ ਅਸੂਲਾਂ 'ਤੇ ਟਿੱਕੀ ਸੀ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਇਹ ਪ੍ਰਣਾਲੀ ਕਿਸੇ ਇੱਕ ਵਰਗ ਜਾਂ ਧਰਮ ਲਈ ਨਹੀਂ ਸੀ, ਬਲਕਿ ਸਮੁੱਚੀ ਲੋਕਾਈ ਲਈ ਸੀ, ਜਿਸ ਵਿੱਚ ਸ਼ਾਸਨ ਦਾ ਮਤਲਬ ਹਕੂਮਤ ਨਹੀਂ, ਬਲਕਿ ਸੇਵਾ ਸੀ। ਸੱਤਾ ਦਾ ਮਤਲਬ ਦਬਦਬਾ ਨਹੀਂ, ਸਗੋਂ ਜਿੰਮੇਵਾਰੀ ਸੀ। ਮਹਾਰਾਜਾ ਦਾ ਆਮ ਰਾਜ ਨਾ ਹੋ ਕੇ ਧਰਮਨਿਰਪੇਖਤਾ ਅਤੇ ਸਮਾਨਤਾ ਦਾ ਰਾਜ ਸੀ।

ਇਸ ਮੌਕੇ ਚਾਰ ਟੈਕਨੀਕਲ ਸੈਸ਼ਨ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਚੇਅਰਪਰਸਨ ਵੱਜੋਂ ਡਾ. ਜਸਬੀਰ ਸਿੰਘ, ਡਾ. ਸੰਦੀਪ ਕੌਰ, ਡਾ. ਜਗਜੀਵਨ ਸਿੰਘ ਨੇ ਸ਼ਮੂਲੀਅਤ ਕੀਤੀ। ਡਾ. ਬਲਜੀਤ ਸਿੰਘ ਵਿਰਕ, ਡਾ. ਪਰਨੀਤ ਕੌਰ ਢਿੱਲੋਂ ਅਤੇ ਡਾ. ਰਾਕੇਸ਼ ਬਾਵਾ ਨੇ ਵਿਸ਼ੇਸ਼ ਬੁਲਾਰਿਆਂ ਵੱਜੋਂ ਵਿਸ਼ੇਸ਼ ਭੂਮਿਕਾ ਨਿਭਾਈ।ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਗੁਰਮੀਤ ਸਿੰਘ ਬੂਹ, ਮੈਂਬਰ, ਇੰਚਾਰਜ ਵਿੱਦਿਆ (ਸਕੂਲ), ਸ. ਰਘਬੀਰ ਸਿੰਘ ਸਹਾਰਨਮਾਜਰਾ, ਮੈਂਬਰ, ਜਥੇਦਾਰ ਜਸਮੇਰ ਸਿੰਘ ਲਾਛੜ ਆਦਿ ਵੀ ਮੌਜੂਦ ਸਨ।

# Jathedar Giani Kuldeep Singh Gargajj Engages with Sikh Youth in Auckland, Emphasizes Unity, Education, and Gurmat Values



Auckland/Sri Amritsar: Jathedar of Sri Akal Takht Sahib, Singh Sahib Giani Kuldip Singh Gargajj, held a special interaction of nearly one and a half hours with Sikh youth at Gurdwara Sri Kalgidhar Sahib, Takanini, in Auckland, New Zealand. During the session organised by New Zealand Sikh Youth, the youth raised questions regarding Sikh institutions, narratives being created against Sikhs, maryada (code of conduct), Gurmat (Guru's wisdom) education, and religious preaching, which were answered by the Jathedar. Jathedar Giani Kuldip Singh Gargajj expressed happiness that Sikh youth are highly aware and concerned about their religion and institutions.

He said that Sikh youth in New Zealand are engaged in progressive and positive activities and expressed hope that they will continue to serve in accordance with Gurmat principles.The Jathedar advised the youth to pursue education, achieve respectable positions, and contribute to the upliftment of the community.

He also urged them to live in unity, support one another, learn Gurmukhi Punjabi, and maintain the distinct Sikh identity.

On this occasion, Jathedar Gargaj also administered a pledge to some Sikh youths who had cut their hair, urging them to maintain the complete Sikh identity.During the gathering, the youth also honoured Jathedar Gargajj. Among those present were Daljit Singh, President of the New Zealand Central Sikh Association; Gurnam Singh, Pahulpreet Kaur, Gurleen Kaur, Supinder Kaur, Preeti Kaur representing New Zealand Sikh Youth; and Jaskaran Singh, Media Advisor, among others.



# ਖਡੂਰ ਸਾਹਿਬ ਤੇ ਗੋਇੰਦਵਾਲ

**ਡਾ. ਸਾਹਿਬ ਸਿੰਘ ਅਰਸ਼ੀ**




ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਹਰ ਇਕ ਸ਼ਰਧਾਲੂ ਨੂੰ ਗੁਰੂ ਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣਾ ਪੈਂਦਾ ਸੀ। ਇਸ ਪ੍ਰਕਾਰ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਪ੍ਰਥਾ ਨੇ ਜਾਤ-ਪਾਤ ਤੇ ਊਚ-ਨੀਚ ਦੇ ਭੇਤ ਨੂੰ ਖ਼ਤਮ ਕਰ ਦਿੱਤਾ। ਅਕਬਰ ਬਾਦਸ਼ਾਹ ਜਦੋਂ ਚਿਤੌੜ ਦੀ ਫ਼ਤਹਿ ਉਪਰੰਤ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ ਤਾਂ ਗੁਰੂ ਦੇ ਲੰਗਰੋਂ ਪ੍ਰਸ਼ਾਦ ਛਕ ਕੇ ਅਤਿ ਪ੍ਰਸੰਨ ਹੋਇਆ। ਅਕਬਰ ਬਾਦਸ਼ਾਹ ਨੇ ਲੰਗਰ ਦੀ ਸਹਾਇਤਾ ਵਜੋਂ ਕੁਝ ਜ਼ਮੀਨ ਦੇਣੀ ਚਾਹੀ, ਪਰੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਕਿਹਾ ਜਾਂਦਾ ਹੈ ਕਿ ਅਕਬਰ ਨੇ ਗੁਰੂ ਜੀ ਦੇ ਇਨਕਾਰ ਕਰਨ 'ਤੇ ਵੀ ਇਹ ਜ਼ਮੀਨ ਬੀਬੀ ਭਾਨੀ ਦੇ ਨਾਂ ਲਗਵਾ ਦਿੱਤੀ। ਹਰੀ ਪੁਰ ਦਾ ਰਾਜਾ ਵੀ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲਣ ਆਇਆ ਤਾਂ ਲੰਗਰੋਂ ਪ੍ਰਸ਼ਾਦ ਛੱਕ ਕੇ ਬਹੁਤ ਪ੍ਰਸੰਨ ਹੋਇਆ।

ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਖਡੂਰ ਸਾਹਿਬ ਵਿਖੇ ਮੇਲ ਸਮੇਂ (ਗੁਰੂ) ਅਮਰਦਾਸ ਜੀ ਬਿਰਧ ਅਵਸਥਾ ਵਿਚ ਪੁੱਜ ਚੁੱਕੇ ਸਨ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿਚ ਦਸ ਸਾਲ ਛੋਟੇ ਸਨ। ਆਪਣੀ ਉਮਰ ਦੀ ਪਰਵਾਹ ਨਾ ਕਰਦਿਆਂ ਹੋਇਆਂ ਗੁਰ-ਸੇਵਾ ਵਿਚ ਜੁੱਟ ਗਏ। ਆਪ ਨੂੰ ਕਈ ਪ੍ਰਕਾਰ ਦੇ ਕਰੜੇ ਬੋਲ 'ਗੁਰੂ ਘਰ ਦਾ ਗੋਲਾ' ਅਤੇ 'ਅਮਰੂ ਨਿਥਾਵਾਂ" ਵੀ ਸਹਿਣੇ ਪਏ। ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਦਾਸੂ ਨੇ ਆਪ ਨੂੰ 'ਗੁਰੂ ਘਰ ਦਾ ਗੋਲਾ' ਅਤੇ 'ਪਾਣੀ ਭਰਨ ਵਾਲਾ ਨੌਕਰ' ਕਹਿ ਕੇ ਭੰਡਿਆ ਸੀ। (ਗੁਰੂ) ਅਮਰਦਾਸ ਜੀ ਸਵਾ ਪਹਿਰ ਰਹਿੰਦੀ ਰਾਤ ਨੂੰ ਬਿਆਸਾ ਤੋਂ ਪਾਣੀ ਲਿਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਇਆ ਕਰਦੇ ਸਨ। ਇਕ ਦਿਨ ਬਿਆਸਾ ਤੋਂ ਪਰਤਣ ਲੱਗਿਆਂ ਹਨੇਰੀ ਰਾਤ ਤੇ ਬਿਰਧ ਸਰੀਰ ਹੋਣ ਕਾਰਨ ਰਸਤੇ ਵਿਚ ਜੁਲਾਹੇ ਦੀ ਕਿੱਲੀ ਨਾਲ ਪੈਰ ਅੜਨ ਕਾਰਨ ਡਿੱਗ ਪਏ। ਆਵਾਜ਼ ਸੁਣ ਕੇ ਜੁਲਾਹੇ ਨੇ ਅੰਦਰੋਂ ਆਪਣੀ ਪਤਨੀ ਨੂੰ ਬਾਹਰੋਂ ਆਏ ਖੜਾਕ ਬਾਰੇ ਪੁੱਛਿਆ ਤਾਂ ਜੁਲਾਹੀ ਨੇ ਝਟ-ਪਟ ਕਹਿ ਦਿੱਤਾ-'ਅਮਰੂ ਨਿਥਾਵੇਂ ਤੋਂ ਬਿਨਾਂ ਇਸ ਸਮੇਂ ਹੋਰ ਕੌਣ ਸਕਦਾ ਹੈ।' ਪਰੰਤੂ ਆਪ ਵਲੋਂ ਗੁਰੂ-ਘਰ ਦੀ ਸੇਵਾ ਵਿਚ ਕੋਈ ਕਮੀ ਨਹੀਂ ਆਈ, ਸਗੋਂ ਵਧੇਰੇ ਪ੍ਰੇਰਣਾ ਅਤੇ ਲਗਨ ਨਾਲ ਆਪਣੇ ਕਾਰਜ ਵਿਚ ਜੁਟੇ ਰਹੇ। ਅੰਤ ਆਪ ਦੀ ਘਾਲਣਾ ਨੇਪਰੇ ਚੜ੍ਹੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਿਆਈ ਦਿੱਤੀ। ਆਪ ਸਦਾ ਲਈ 'ਨਿਥਾਵਿਆਂ ਦੇ ਥਾਉਂ" ਅਤੇ 'ਨਿਆਸਰਿਆਂ ਦੇ ਆਸਰੇ' ਬਣ ਗਏ।ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੋਇੰਦਵਾਲ ਰਹਿਣ ਲਈ ਕਿਹਾ, ਕਿਉਂਕਿ ਉਹ ਆਪਣੇ ਸਪੁੱਤਰ ਦਾਤੂ ਅਤੇ ਹੋਰ ਲੋਕਾਂ ਦੇ ਵਿਰੋਧ ਤੋਂ ਪਰੇਡੇ ਰੱਖਣਾ ਚਾਹੁੰਦੇ ਸਨ। ਦਾਤੂ ਗੁਰ-ਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਉਸ ਨੇ ਗੋਇੰਦਵਾਲ ਪੁੱਜ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੁਰਾ ਭਲਾ ਕਿਹਾ ਅਤੇ ਆਪ ਗੁਰੂ ਬਣ ਬੈਠਾ। ਸ਼ਾਂਤ-ਚਿਤ ਸ੍ਰੀ ਗੁਰੂ ਅਮਰਦਾਸ ਜੀ ਬਾਸਰਕੇ ਆ ਗਏ। ਕਿਸੇ ਨੇ ਵੀ ਦਾਤੂ ਨੂੰ ਗੁਰੂ ਨਹੀਂ ਮੰਨਿਆ। ਅੰਤ ਹਾਰ ਕੇ ਉਹ ਗੁਰੂ ਜੀ ਦਾ ਸਾਰਾ ਸਮਾਨ ਚੁੱਕ ਕੇ ਖਡੂਰ ਸਾਹਿਬ ਆ ਗਿਆ। ਸਿੱਖ ਸੰਗਤਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਾਸਰਕੇ ਤੋਂ ਵਾਪਸ ਲੈ ਆਈਆਂ।ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਵਿਰੋਧਤਾ ਤੋਂ ਬਚਣ ਲਈ ਸਿੱਖਾਂ, ਸੇਵਕਾਂ ਨੂੰ ਸਹੀ ਰਸਤੇ ਪਾਉਣ ਲਈ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘਰ-ਤਿਆਗੀ ਨੂੰ ਨਿੰਦਿਆ ਹੈ ਅਤੇ ਗ੍ਰਿਹਸਥ ਧਰਮ ਨੂੰ ਸ੍ਰੇਸ਼ਟ ਦੱਸਿਆ ਹੈ। ਉਹ ਤਾਂ:ਰਾਜ ਮਹਿ ਜੋਗੁ ਕਮਾਯਉ ।।(ਅੰਗ ੧੪੦੮)ਅੰਜਨ ਮਾਹਿ ਨਿਰੰਜਨਿ ਰਹੀਐ।।(ਅੰਗ ੩੩੨)ਦੇ ਰਸਤੇ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਉਦਾਸੀਆਂ ਕਰਨ ਉਪਰੰਤ ਉਨ੍ਹਾਂ ਆਪ ਕਰਤਾਰਪੁਰ ਰਹਿਣਾ ਆਰੰਭ ਕਰ ਦਿੱਤਾ। ਇਸ ਪ੍ਰਕਾਰ ਸੰਗਤਾਂ ਨੂੰ ਗੁਰੂ ਨਾਨਕ ਦੇ ਆਦੇਸ਼ਾਂ ਬਾਰੇ ਜਾਣੂ ਕਰਵਾਇਆ ਅਤੇ ਗੁਰੂ ਨਾਨਕ ਗੱਦੀ ਦੇ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ।ਸ੍ਰੀ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਰਹਿਣ ਲਈ ਇਸ ਕਰਕੇ ਕਿਹਾ ਗਿਆ ਸੀ। ਤਾਂਕਿ ਉਹਨਾਂ ਦੇ ਵਿਰੋਧੀ ਆਪ ਨੂੰ ਤੰਗ ਨਾ ਕਰ ਸਕਣ ਅਤੇ ਆਪ ਦੇ ਕਾਰਜ ਵਿਚ ਕੋਈ ਵਿਘਨ ਨਾ ਪਵੇ। ਇਥੇ ਗੋਇੰਦਵਾਲ ਵਿਚ ਵੀ ਆਪ ਦੀ ਸਿੱਖੀ ਸੇਵਕੀ ਵੇਖ ਕੇ ਕੁਝ ਸਿੱਖ ਵਿਰੋਧੀ ਹਿੰਦੂ-ਮੁਸਲਿਮ ਜਨਤਾ ਆਪ ਦੇ ਵਿਰੁੱਧ ਹੋ ਗਈ ਅਤੇ ਝੂਠੀ ਸ਼ਿਕਾਇਤ ਬਾਦਸ਼ਾਹ ਪਾਸ ਭੇਜੀ ਗਈ। ਆਪ ਨੇ ਅਕਬਰ ਬਾਦਸ਼ਾਹ ਦੇ ਸੱਦੇ ਜਾਣ 'ਤੇ ਭਾਈ ਜੇਠਾ ਜੀ ਨੂੰ ਭੇਜਿਆ। ਭਾਈ ਜੇਠਾ ਜੀ ਨੇ ਦਲੀਲਾਂ ਸਹਿਤ ਅਕਬਰ ਦੇ ਦਿਲ ਨੂੰ ਜਿੱਤਿਆ। ਅਕਬਰ ਨੇ ਆਪ ਨੂੰ ਹਿੰਦੂ ਤੀਰਥ ਸਥਾਨਾਂ 'ਤੇ ਵੀ ਯਾਤਰਾ ਕਰਨ ਲਈ ਕਿਹਾ। ਆਪ ਨੇ ਹਰਿਦੁਆਰ ਅਤੇ ਕੁਰੂਕਸ਼ੇਤਰ ਦੀ ਯਾਤਰਾ ਵੀ ਕੀਤੀ। ਅਕਬਰ ਬਾਦਸ਼ਾਹ ਨੇ ਯਾਤਰੂ ਟੈਕਸ ਵੀ ਮਾਫ਼ ਕਰ ਦਿੱਤਾ। ਇਸ ਪ੍ਰਕਾਰ ਆਪ ਜੀ ਦੀ ਕੀਰਤੀ ਹੋਰ ਵੀ ਫੈਲ ਗਈ।ਗੋਇੰਦਵਾਲ ਵਿਚ ਆਪ ਜੀ ਨੇ ਇਕ ਬਾਉਲੀ ਬਣਵਾਈ। ਇਸ ਦੀਆਂ 84 ਪੌੜੀਆਂ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਾਉਲੀ ਇਸ਼ਨਾਨ ਕਰਨ ਨਾਲ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੋ ਜਾਂਦਾ ਹੈ (ਵਹਿਮਾਂ-ਭਰਮਾਂ ਰੂਪੀ 84 ਤੋਂ ਮੁਕਤ ਹੋ ਜਾਂਦਾ ਹੈ।) ਇਸ ਦੇ ਤਿਆਰ ਹੋ ਜਾਣ 'ਤੇ ਬਹੁਤ ਸੰਗਤਾਂ ਇਥੇ ਆਉਣ-ਜਾਣ ਲੱਗ ਪਈਆਂ। ਗੋਇੰਦਵਾਲ ਇਕ ਤੀਰਥ-ਸਥਾਨ ਬਣ ਗਿਆ।(ਡਾ. ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ 'ਬਾਉਲੀ ਦੀ ਨੀਂਹ ਰੱਖਣਾ ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਕਦਮ ਸੀ।')ਬਹੁਤ ਸਾਰੇ ਸ਼ਰਧਾਲੂ ਸਿੱਖ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਲ ਇਥੇ ਰਿਹਾ ਕਰਦੇ ਸਨ, ਜਿਨ੍ਹਾਂ ਵਿਚੋਂ ਭਾਈ ਸਾਲ੍ਹੋ, ਅਜਿੱਤਾ ਰੰਧਾਵਾ, ਸਾਦੂ-ਬਾਦੂ ਰਬਾਬੀ, ਅੱਲਾ ਯਾਰ ਖਾਨ, ਭਾਈ ਸਾਵਣ ਮੱਲ, ਭਾਈ ਲਾਲੂ ਆਦਿ ਦਾ ਨਾਂ ਲਿਆ ਜਾ ਸਕਦਾ ਹੈ।ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਰਧਾਲੂਆਂ ਨੂੰ ਸੰਗਠਿਤ ਕਰਨ ਅਤੇ ਉਨ੍ਹਾਂ ਵਿਚ ਜਾਗ੍ਰਿਤੀ ਲਿਆਉਣ ਲਈ ਕਈ ਅਜਿਹੇ ਸੁਧਾਰ ਅਤੇ ਨਿੱਗਰ ਕੰਮ ਕੀਤੇ ਜਿਸ ਨਾਲ ਸਾਰੇ ਏਕਤਾ ਦੀ ਲੜੀ ਵਿਚ ਪਰੋਏ ਗਏ। 'ਮੰਜੀ ਪ੍ਰਥਾ' ਦਾ ਆਰੰਭ ਇਸ ਵੱਲ ਪਹਿਲਾ ਕਦਮ ਸੀ। ਸਿੱਖ ਸ਼ਰਧਾਲੂਆਂ ਨੂੰ ਇਕ ਪ੍ਰਬੰਧ ਹੇਠ ਚਲਾਉਣ ਲਈ ਆਪ ਜੀ ਨੇ 22 ਮੰਜੀਆਂ ਸਥਾਪਤ ਕੀਤੀਆਂ। ਹਰ ਇਕ ਮੰਜੀ ਦਾ ਮੁਖੀ, ਮੁਖੀਆ ਸਿੱਖ ਸੀ ਜੋ ਗੁਰੂ ਦੇ ਸੰਦੇਸ਼ ਅਤੇ ਆਦੇਸ਼ ਸਿੱਖ ਸੰਗਤਾਂ ਤਕ ਪਹੁੰਚਾਉਂਦਾ ਸੀ। ਸਿੱਖੀ ਪ੍ਰਚਾਰ ਅਤੇ ਪ੍ਰਬੰਧ ਲਈ 'ਮੰਜੀ ਪ੍ਰਥਾ' ਬਹੁਤ ਕਾਰਗਰ ਰਹੀ।ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਹਰ ਇਕ ਸ਼ਰਧਾਲੂ ਨੂੰ ਗੁਰੂ ਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣਾ ਪੈਂਦਾ ਸੀ। ਇਸ ਪ੍ਰਕਾਰ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਪ੍ਰਥਾ ਨੇ ਜਾਤ-ਪਾਤ ਤੇ ਊਚ-ਨੀਚ ਦੇ ਭੇਤ ਨੂੰ ਖ਼ਤਮ ਕਰ ਦਿੱਤਾ। ਅਕਬਰ ਬਾਦਸ਼ਾਹ ਜਦੋਂ ਚਿਤੌੜ ਦੀ ਫ਼ਤਹਿ ਉਪਰੰਤ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ ਤਾਂ ਗੁਰੂ ਦੇ ਲੰਗਰੋਂ ਪ੍ਰਸ਼ਾਦ ਛਕ ਕੇ ਅਤਿ ਪ੍ਰਸੰਨ ਹੋਇਆ। ਅਕਬਰ ਬਾਦਸ਼ਾਹ ਨੇ ਲੰਗਰ ਦੀ ਸਹਾਇਤਾ ਵਜੋਂ ਕੁਝ ਜ਼ਮੀਨ ਦੇਣੀ ਚਾਹੀ, ਪਰੰਤੂ ਗੁਰੂ ਜੀ ਨੇ ਨਾਂਹ ਕਰ ਦਿੱਤੀ। ਕਿਹਾ ਜਾਂਦਾ ਹੈ ਕਿ ਅਕਬਰ ਨੇ ਗੁਰੂ ਜੀ ਦੇ ਇਨਕਾਰ ਕਰਨ 'ਤੇ ਵੀ ਇਹ ਜ਼ਮੀਨ ਬੀਬੀ ਭਾਨੀ ਦੇ ਨਾਂ ਲਗਵਾ ਦਿੱਤੀ। ਹਰੀ ਪੁਰ ਦਾ ਰਾਜਾ ਵੀ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲਣ ਆਇਆ ਤਾਂ ਲੰਗਰੋਂ ਪ੍ਰਸ਼ਾਦ ਛੱਕ ਕੇ ਬਹੁਤ ਪ੍ਰਸੰਨ ਹੋਇਆ।ਸ੍ਰੀ ਗੁਰੂ ਅਮਰਦਾਸ ਜੀ ਦੀ ਅਗਵਾਈ ਵਿਚ ਸਿੱਖਾਂ ਨੇ ਹਿੰਦੂ ਰਹੁ-ਰੀਤਾਂ ਤੇ ਫੋਕੇ ਕਰਮ-ਕਾਂਡਾਂ 'ਚੋਂ ਨਿਕਲ ਕੇ ਆਪਣੇ ਮਾਰਗ ਨੂੰ ਪਛਾਣਿਆ। ਗੁਰੂ ਜੀ ਦੇ ਸ਼ਰਧਾਲੂ ਵਿਸਾਖੀ, ਮਾਘੀ ਅਤੇ ਦੀਵਾਲੀ ਦੇ ਤਿਉਹਾਰ ਆਪ ਦੇ ਦੱਸੇ ਤਰੀਕੇ ਅਨੁਸਾਰ ਮਨਾਉਣ ਲੱਗੇ। ਖੁਸ਼ੀ ਦੇ ਅਵਸਰ 'ਤੇ ਹੋਰ ਵਹਿਮਾਂ ਵਿਚ ਪੈਣ ਦੀ ਥਾਂ 'ਅਨੰਦ ਸਾਹਿਬ ਦਾ ਪਾਠ ਹੋਣ ਲੱਗਾ । ਕਿਹਾ ਜਾਂਦਾ ਹੈ ਕਿ ਆਪ ਨੇ 'ਸਤੀ' ਤੇ 'ਪਰਦੇ' ਦੀ ਰਸਮ ਨੂੰ ਦੂਰ ਕਰਨ ਲਈ ਵੀ ਨਿੱਗਰ ਉਪਰਾਲਾ ਕੀਤਾ ਅਤੇ ਆਪਣੇ ਮੁਰੀਦਾਂ ਨੂੰ ਨਸ਼ਿਆਂ ਦੇ ਸੇਵਣ ਤੋਂ ਮਨਾਹੀ ਕੀਤੀ।ਆਪ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, 17 ਰਾਗਾਂ ਵਿਚ ਪ੍ਰਾਪਤ ਹੁੰਦੀ ਹੈ। 'ਅਨੰਦ' ਆਪ ਦੀ ਸ਼ਾਹਕਾਰ ਰਚਨਾ ਹੈ। ਸਮੁੱਚੀ ਬਾਣੀ ਵਿਚ ਆਤਮਾ ਪਰਮਾਤਮਾ ਦੇ ਮੇਲ ਨੂੰ ਪ੍ਰਗਟਾਇਆ ਹੈ। 'ਆਨੰਦ' ਸਾਹਿਬ ਦੀਆਂ 40 ਪਉੜੀਆਂ ਹਨ। ਆਪ ਜੀ ਅਨੁਸਾਰ 'ਅਨੰਦ' ਪਾਪ, ਕਲੇਸ਼ ਅਤੇ ਮੋਹ ਦਾ ਨਾਸ਼ ਕਰਨ ਵਾਲਾ ਹੈ ਅਤੇ ਇਸ ਦੀ ਪ੍ਰਾਪਤੀ ਗੁਰੂ ਤੋਂ ਹੋ ਸਕਦੀ ਹੈ:ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ।।(ਅੰਗ ੯੧੭)ਆਨੰਦ ਦੀ ਅਵਸਥਾ 'ਸਹਿਜ' ਅਵਸਥਾ ਹੈ। ਜਿਤਨੀ ਦੇਰ ਤਕ ਮਨ ਸ਼ੰਕਾਗ੍ਰਸਤ ਰਹਿੰਦਾ ਹੈ ਤਦ ਤਕ ਸਹਿਜ ਭਾਵ ਉਤਪੰਨ ਨਹੀਂ ਹੋ ਸਕਦਾ। ਸਹਿਜ ਭਾਵ ਉਤਪੰਨ ਹੋਣ 'ਤੇ ਹੀ ਵਸਲ ਦੀ ਪ੍ਰਾਪਤੀ ਸੰਭਵ ਹੈ। ਇਹ ਇਕ ਮਾਣਨ ਦੀ ਅਵਸਥਾ ਹੈ। ਪ੍ਰਭੂ ਦੇ ਆਗਮਨ ਦੀ ਖੁਸ਼ੀ ਵਿਚ 'ਗ੍ਰਿਹੁ ਮੰਦਰ' ਬਣ ਜਾਂਦਾ ਹੈ ਅਤੇ ਸਭ ਦੁਖ ਸੰਤਾਪ ਦੂਰ ਹੋ ਜਾਂਦੇ ਹਨ।ਆਪ ਦੀਆਂ ਚਾਰ ਵਾਰਾਂ-ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿਚ ਪ੍ਰਾਪਤ ਹਨ। ਗੂਜਰੀ ਕੀ ਵਾਰ ਦੀਆਂ 22 ਪਉੜੀਆਂ ਹਨ। ਹਰੇਕ ਪਉੜੀ ਵਿਚ ਪੰਜ-ਪੰਜ ਤੁਕਾਂ ਹਨ।ਹਰੇਕ ਪਉੜੀ ਦੇ ਨਾਲ-ਨਾਲ ਦੋ-ਦੋ ਸਲੋਕ ਹਨ। ਪਉੜੀ ਨੰ: ੪ ਦੇ ਨਾਲ ਪਹਿਲਾ ਸਲੋਕ ਕਬੀਰ ਜੀ ਦਾ ਹੈ ਬਾਕੀ ਦੇ ਸਾਰੇ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਇਹ ਸਲੋਕ ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਵੇਲੇ ਦਰਜ ਕੀਤੇ ਹਨ। ਵਾਰ ਸੂਹੀ ਦੀਆਂ ਕੁਲ 20 ਪਉੜੀਆਂ ਹਨ। ਹਰੇਕ ਪਉੜੀ ਵਿਚ ਪੰਜ-ਪੰਜ ਤੁਕਾਂ ਹਨ ਅਤੇ ਕੁਲ 46 ਸਲੋਕ ਹਨ ਜਿਨ੍ਹਾਂ ਵਿਚੋਂ ਕੇਵਲ 14 ਸਲੋਕ ਹੀ ਗੁਰੂ ਅਮਰਦਾਸ ਜੀ ਦੇ ਹਨ, ਬਾਕੀ ਦੇ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਨ।ਰਾਮਕਲੀ ਕੀ ਵਾਰ ਦੀਆਂ 21 ਪਉੜੀਆਂ ਹਨ। ਇਸ ਵਾਰ ਵਿਚ ਅਨੋਖੀ ਗੱਲ ਇਹ ਹੈ ਕਿ ਪਹਿਲੀ ਪਉੜੀ ਦੇ ਨਾਲ 'ਰਹਾਉ' ਦੀ ਭੀ ਇਕ ਤੁਕ ਹੈ:

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ।।(ਅੰਗ ੯੪੭) ਇਸ ਵਿਚ ਦਿੱਤੇ ਗਏ 52 ਸਲੋਕਾਂ ਵਿਚੋਂ 24 ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਮਾਰੂ ਰਾਗ ਦੀ ਵਾਰ ਦੀਆਂ ਕੁਲ 22 ਪਉੜੀਆਂ ਹਨ।ਸ੍ਰੀ ਗੁਰੂ ਅਮਰਦਾਸ ਜੀ ਨੇ 'ਜੇਠਾ ਜੀ' ਜੋ ਪਿਛੋਂ ਸ੍ਰੀ ਗੁਰੂ ਰਾਮਦਾਸ ਜੀ ਬਣੇ, ਨੂੰ ਗੁਰਿਆਈ ਸੌਂਪੀ। ਆਪ ਅਧਿਆਤਮਕ, ਸੰਸਾਰਕ ਅਤੇ ਰਾਜ ਸ਼ਕਤੀ ਦੇ ਸਾਕਾਰ-ਰੂਪ ਸਨ ਜੋ ਗੁਰੂ ਤੋਂ ਸੱਚੇ ਪਾਤਸ਼ਾਹ ਬਣੇ। ਗੋਇੰਦਵਾਲ ਦੀ ਕੀਰਤੀ ਆਪ ਦੇ ਕਾਰਨ ਹੀ ਫੈਲੀ। ਹੁਣ ਵੀ ਇਹ ਪ੍ਰਸਿੱਧ ਅਸਥਾਨ ਉਥੇ ਦੇਖੇ ਜਾ ਸਕਦੇ ਹਨ:ਗੁਰਦੁਆਰਾ ਬਾਉਲੀ ਸਾਹਿਬ, ਹਵੇਲੀ ਸਾਹਿਬ, ਗੁਰੂ ਅਮਰਦਾਸ ਜੀ ਦਾ ਰਿਹਾਇਸ਼ੀ ਸਥਾਨ, ਖੂਹ ਸ੍ਰੀ ਗੁਰੂ ਰਾਮਦਾਸ ਜੀ ਅਤੇ ਮੋਹਨ ਜੀ ਦਾ ਚੁਬਾਰਾ।

# ਸੱਚਾ ਮਰਦ

ਹਮੂੰ ਮਰਦ ਬਾਯਦ ਸ਼ਵਦ ਸੁਖਨ ਵਰ।।
ਨ ਸ਼ਿਕਮੇ ਦਿਗਰ ਦਰ ਦਹਾਨੈ ਦਿਗਰ।। (ਸ੍ਰੀ ਗੁਰੂ ਗੋਬਿੰਦ ਸਿੰਘ ਜੀ)




ਫ਼ਾਰਸੀ-ਪੰਜਾਬੀ ਕੋਸ਼ ਵਿਚ ਮਰਦ ਦੇ ਸਮ-ਅਰਥੀ ਸ਼ਬਦ ਸ਼ਖ਼ਸ, ਮਾਨਸ, ਬਹਾਦਰ ਤੇ ਦਲੇਰ ਆਦਿ ਵੀ ਹਨ। ਉਧਰ ਸਾਡੇ ਲੋਕ-ਸਾਹਿਤ ਵਿਚ ਪ੍ਰਚਲਤ ਹੈ ਕਿ ਆਹ ਕੰਮ ਤਾਂ ਮਰਦ ਨੂੰ ਮੇਹਣਾ ਹੈ, ਭਾਵ ਮਰਦਊਪੁਣਾ, ਸ਼ਖ਼ਸੀਅਤ, ਮਾਨਵਤਾ, ਬਹਾਦਰੀ ਤੇ ਦਲੇਰੀ ਸ਼ਬਦ ਮਰਦ ਦੀ ਮਰਦਾਨਗੀ ਨਾਲ ਜੁੜੇ ਹੋਏ ਹਨ। ਇਸੇ ਲਈ ਇਸ ਦੁਨੀਆਂ ਵਿਚ ਉਨ੍ਹਾਂ ਲੋਕਾਂ ਦੀਆਂ ਵਾਰਾਂ ਜਾਂ ਕਥਾਵਾਂ ਪ੍ਰਚਲਤ ਹੋਈਆਂ ਜੋ ਸਮਾਜ ਦੀ ਕਸਵੱਟੀ ਉੱਪਰ ਪੂਰੇ-ਸੂਰੇ ਉਤਰੇ ਜਾਂ ਇੰਝ ਕਹੋ ਕਿ ਜਿਨ੍ਹਾਂ ਮਰਦਾਂ ਵਾਲੀ ਗੱਲ ਕੀਤੀ। ਭਾਵੇਂ ਵਿਸ਼ਵ ਦੀ ਗਿਣਤੀ ਜਾਂ ਜਨ-ਗਣਨਾ, ਮਰਦਾਂ/ਔਰਤਾਂ ਦੀ ਗਿਣਤੀ 'ਤੇ ਹੀ ਨਿਰਭਰ ਹੈ ਪਰ 'ਸੱਚਾ ਮਰਦ' ਕਿਸ ਨੂੰ ਕਿਹਾ ਜਾ ਸਕਦਾ ਹੈ?ਸੰਸਾਰ ਦੇ ਇਸ ਸਵਾਲ ਦਾ ਜਵਾਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ 'ਜ਼ਫ਼ਰਨਾਮਾ' (ਫ਼ਤਿਹ ਦਾ ਖ਼ਤ) ਵਿਚ ਦਿੱਤਾ ਹੈ। ਇਹ ਖ਼ਤ ਜੋ ਔਰੰਗਜ਼ੇਬ ਬਾਦਸ਼ਾਹ ਨੂੰ ਦਸਮ ਪਿਤਾ ਜੀ ਨੇ ਲਿਖਿਆ, ਉਸ ਵਿਚ ਸੱਚੇ ਮਰਦ ਦੀ ਪਰਿਭਾਸ਼ਾ ਇਸ ਕਰਕੇ ਸਮਝਾਈ ਕਿਉਂਕਿ ਔਰੰਗਜ਼ੇਬ ਦੀ ਕਥਨੀ ਤੇ ਕਰਨੀ 'ਚ ਵੱਡਾ ਅੰਤਰ ਸੀ। ਉਹ ਲੋਕਾਈ ਦੀਆਂ ਨਜ਼ਰਾਂ ਵਿਚ ਸੱਚਾ ਧਰਮੀ ਹੋਣ ਦਾ ਵਿਖਾਵਾ ਵੀ ਕਰਦਾ ਰਿਹਾ ਪਰ ਆਪਣੇ ਪਿਤਾ, ਭਰਾਵਾਂ ਤੋਂ ਲੈ ਕੇ ਆਮ ਲੋਕਾਂ ਉੱਪਰ ਜ਼ੁਲਮੋ-ਤਸ਼ੱਦਦ ਵੀ ਰੱਜ ਕੇ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮੇ' ਵਿਚ ਕਥਨ ਕੀਤਾ ਹੈ ਕਿ (ਹਮੂੰ) ਉਹ ਮਰਦ ਚਾਹੀਦਾ (ਮਰਦ ਬਾਯਦ) ਹੈ ਜੋ ਬਚਨਾਂ ਦਾ ਪੱਕਾ (ਸੁਖਨ ਵਰ) ਹੋਵੇ, ਜਿਸ ਦੇ ਪੇਟ ਵਿਚ (ਸ਼ਿਕਮੇ-ਦਿਗਰ) ਕੁਝ ਹੋਰ ਹੋਵੇ ਅਤੇ ਮੂੰਹ ਉੱਤੇ (ਦਰ-ਦਹਾਨੇ) ਕੁਝ ਹੋਰ ਹੋਵੇ ਤਾਂ ਉਹ ਸੱਚਾ ਮਰਦ ਅਖਵਾਉਣ ਦਾ ਹੱਕਦਾਰ ਨਹੀਂ ਹੈ। ਇਹ ਹਰ ਯੁੱਗ ਵਿਚ ਜੀਵਨ ਦਾ ਸੱਚ ਹੈ ਭਾਵੇਂ ਇਹ ਸ਼ਬਦ ਪਰਥਾਇ ਔਰੰਗਜ਼ੇਬ ਹੀ ਹਨ ਪਰ ਇਹ ਸੰਦੇਸ਼ ਅੱਜ ਵੀ ਸਮੁੱਚੇ ਸੰਸਾਰ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿ 'ਸੱਚਾ ਮਰਦ' ਕਿਸ ਨੂੰ ਕਿਹਾ ਜਾ ਸਕਦਾ ਹੈ। ਇਹ ਸ਼ਬਦ ਅਤਿਕਥਨੀ ਨਹੀਂ ਕਿ ਸਮੁੱਚੀ ਮਾਨਵਤਾ ਦੇ ਸੁਧਾਰ ਲਈ ਦਸਮੇਸ਼ ਪਿਤਾ ਜੀ ਦੀ ਬਖਸ਼ਿਸ਼ ਇਹ ਸ਼ਬਦ ਰੂਪੀ ਕਸਵੱਟੀ ਹੈ।

**-ਡਾ. ਇੰਦਰਜੀਤ ਸਿੰਘ ਗੋਗੋਆਣੀ**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

## ਨਾਨਕਸ਼ਾਹੀ ਸੰਮਤ ੫੫੮

# SCAN HERE

FOR ALL SIKH CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ

'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913

www.khalsaakhbaar.com

editor@khalsaakhbaar.com

@khalsaakhbaar

